MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 07 SATURDAY, 13 FEBRUARY, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡਾ 'ਚ ਸੜਕੀ ਰਸਤੇ ਆਉਣ ਵਾਲੇ ਲੋਕਾਂ ਲਈ ਵੀ ਕੋਵਿਡ ਨੈਗੇਟਿਵ ਰਿਪੋਰਟ ਜ਼ਰੂਰੀ ਕਰਾਰ

ਓਟਵਾ-ਕੈਨੇਡਾ ਵਿਚ ਸੜਕੀ ਰਸਤੇ ਆਉਣ ਵਾਲੇ ਲੋਕਾਂ ਲਈ 15 ਫਰਵਰੀ ਤੋਂ ਕੋਵਿਡ ਨੈਗੇਟਿਵ ਰਿਪੋਰਟ ਜ਼ਰੂਰੀ ਕਰਾਰ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਕ ਬਿਆਨ ਰਾਹੀਂ ਕਿਹਾ ਕਿ ਕੈਨੇਡਾ ਵਿਚ ਕੋਵਿਡ ਮਾਮਲਿਆਂ ਦੇ ਵਾਧੇ ਨੂੰ ਰੋਕਣ ਲਈ ਅਗਲੇ ਹਫ਼ਤੇ ਤੋਂ ਸੜਕੀ ਰਸਤੇ ਆਉਣ ਵਾਲੇ ਲੋਕਾਂ ਲਈ ਕੋਵਿਡ ਪੀਸੀਆਰ ਰਿਪੋਰਟ ਜ਼ਰੂਰੀ ਕਰ ਦਿੱਤੀ



ਗਈ ਹੈ। ਪਹਿਲੀ ਫਰਵਰੀ ਤੋਂ ਹਵਾਈ ਰਸਤੇ ਆਉਣ ਵਾਲੇ ਲੋਕਾਂ ਲਈ ਇਹ ਸ਼ਰਤ ਲਾਗੂ ਕੀਤੀ ਗਈ ਸੀ ਪਰ ਦੇਖਿਆ ਗਿਆ ਕਿ ਹਵਾਈ ਰਸਤੇ ਨਾਲੋਂ ਸੜਕ ਰਸਤੇ ਕੈਨੇਡਾ ਵਿਚ ਵਧੇਰੇ ਲੋਕ ਆ ਰਹੇ ਹਨ। ਤਾਜ਼ਾ ਸ਼ਰਤਾਂ ਤਹਿਤ ਜੇਕਰ ਸੜਕ ਰਸਤੇ ਕੋਈ ਵਿਅਕਤੀ ਕੈਨੇਡਾ ਵਿਚ ਬਿਨ੍ਹਾਂ ਰਿਪੋਰਟ ਦੇ ਦਾਖਲ ਹੁੰਦਾ ਹੈ ਤਾਂ ਉਸ ਨੂੰ 3000 ਡਾਲਰ ਜ਼ੁਰਮਾਨਾ ਕੀਤਾ ਜਾ ਸਕਦਾ ਹੈ।

## 'ਪੀਸ ਆਰਚ' ਪਾਰਕ ਬੰਦ ਕਰਨ ਦੀ ਮੰਗ




ਇਸੇ ਦੋਰਾਨ ਬੀ ਸੀ ਲਿਬਰਲ ਨੇ ਪੀਸ ਆਰਚ ਪਾਰਕ ਨੂੰ ਬੰਦ ਕੀਤੇ ਜਾਣ ਦੀ ਮੰਗ ਕੀਤੀ ਹੈ ਕਿਉਂਕਿ ਇਥੇ ਅਮਰੀਕਾ ਵਾਲੇ ਪਾਸੇ ਤੋ ਲੋਕਾਂ ਦਾ ਆਮ ਆਉਣ ਜਾਣ ਹੈ। ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਕਿਹਾ ਕਿ ਜੇਕਰ ਕੈਨੇਡਾ-ਅਮਰੀਕਾ ਸਰਹੱਦੀ ਪਾਰਕ ਨੂੰ ਪੀਐਚਓ ਨੇ ਸਮੱਸਿਆ ਵਜੋਂ ਐਲਾਨਿਆ ਤਾਂ ਉਹ ਕਾਰਵਾਈ ਕਰਨਗੇ। ਜਦੋਂ ਇਹ ਪੁੱਛਿਆ ਗਿਆ ਕਿ ਕੀ ਉਹ ਪੀਸ ਆਰਕ ਪਾਰਕ ਦਾ ਅਮਰੀਕਾ ਵਾਲਾ ਪਾਸਾ ਬੰਦ ਕਰਨ ਬਾਰੇ ਵਾਸ਼ਿੰਗਟਨ ਦੇ ਗਵਰਨਰ ਜੈ ਇਨਸਲੀ ਨਾਲ ਗੱਲਬਾਤ ਕਰਨਗੇ ਤਾਂ ਜੌਹਨ ਹੌਰਗਨ ਨੇ ਕਿਹਾ ਕਿ ਇਸ ਦੇ ਪ੍ਰਬੰਧ ਦਾ ਮੁੱਦਾ ਕੈਨੇਡਾ ਦੀ ਫੈਡਰਲ ਸਰਕਾਰ ਨਾਲ ਸਬੰਧਤ ਹੈ। ਪਰ ਹੌਰਗਨ ਨੇ ਕਿਹਾ ਕਿ ਜੇਕਰ (ਬਾਕੀ ਸਫ਼ਾ 8 'ਤੇ)

## ਸੀ.ਈ.ਆਰ.ਬੀ. ਲੈਣ ਵਾਲੇ ਸਵੈਰੋਜ਼ਗਾਰ ਅਯੋਗ ਕੈਨੇਡੀਅਨਾਂ ਨੂੰ ਵਾਪਸੀ ਲਈ ਨਹੀਂ ਕੀਤਾ ਜਾਵੇਗਾ ਮਜ਼ਬੂਰ

ਓਟਵਾ-ਸਵੈਰੋਜ਼ਗਾਰ ਕੈਨੇਡੀਅਨ ਜਿਨ੍ਹਾਂ ਨੇ ਅਯੋਗ ਹੋਣ ਦੇ ਬਾਵਜੂਦ ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੇਫਿਟ ਲਈ 14000 ਡਾਲਰ ਦਾ ਦਾਅਵਾ ਕੀਤਾ ਸੀ ਨੂੰ ਪੈਸੇ ਵਾਪਸ ਨਹੀਂ ਕਰਨੇ ਪੈਣਗੇ। ਰੋਜ਼ਗਾਰ ਮੰਤਰੀ ਕਾਰਲਾ ਕੁਆਲਟਰੋ ਇਸ ਬਾਰੇ ਐਲਾਨ ਕਰਨ ਵਾਲੇ ਹਨ ਜਿਹੜਾ ਕਿ ਸਰਕਾਰ ਦੇ ਪਿਛਲੇ ਪੱਖ ਦ ਪੂਰੀ ਤਰ੍ਹਾਂ ਉਲਟ ਹੋਵੇਗਾ। ਇਹ ਮਾਮਲਾ ਉਨ੍ਹਾਂ ਕੁਝ ਸੀ ਈ ਆਰ




ਬੀ ਲੈਣ ਵਾਲੇ ਲੋਕਾਂ ਨਾਲ ਸਬੰਧਿਤ ਹੈ ਜਿਨ੍ਹਾਂ ਨੇ ਕੈਨੇਡਾ ਰੈਵੀਨਿਊ ਏਜੰਸੀ ਦੀ ਯੋਗ ਹੋਣ ਬਾਰੇ ਸਪੱਸ਼ਟ ਨਾ ਜਾਣਕਾਰੀ ਹੋਣ ਦੇ ਆਧਾਰ 'ਤੇ ਅਪਲਾਈ ਕੀਤਾ ਸੀ। ਹੁਣ ਸਵੈਰੋਜ਼ਗਾਰ ਕੈਨੇਡੀਅਨ ਜਿਨ੍ਹਾਂ ਨੇ ਕੁਲ ਆਮਦਨ ਦਾ ਮਾਪਦੰਡ ਪੂਰਾ ਕੀਤੇ ਬਿਨਾਂ 2020 ਵਿਚ ਅਪਲਾਈ ਕੀਤਾ ਅਤੇ 14000 ਸੀ ਈ ਆਰ ਬੀ ਪੇਮੈਂਟਸ ਪ੍ਰਾਪਤ ਕੀਤੀਆਂ (ਬਾਕੀ ਸਫ਼ਾ 8 'ਤੇ)

A.S. MATTOO & ASSOCIATES - LAW OFFICE
*Denotes professional corporation
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ
ਅਸੀਂ ਆਪਣੇ ਨਵੇਂ ਦਫਤਰ ਯੋਰਕ ਬਿਜਨੈਸ ਸੈਂਟਰ ਵਿਚ ਮੂਵ ਹੋ ਗਏ ਹਾਂ
AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਇੰਸ਼ੋਰੈਂਸ ਦੇ ਮਾਹਰ
A INSURANCE
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
SPIER iccrc crcic ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com

ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 07 SATURDAY, 13 FEBRUARY, 2021
www.punjablinkpaper.com 604-503-5465

Harbir Kaur Deol
Notary Public
• Travel Consent Letters
• Statutory Declarations
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

## ਸਾਬਕਾ ਡੀ.ਜੀ.ਪੀ. ਸੈਣੀ ਤੇ ਮੁਅਤਲ ਆਈ.ਜੀ. ਉਮਰਾਨੰਗਲ ਦੀ ਪੇਸ਼ਗੀ ਜ਼ਮਾਨਤ ਅਰਜੀ ਰੱਦ



ਫ਼ਰੀਦਕੋਟ-ਸਥਾਨਕ ਸ਼ੈਸ਼ਨ ਜੱਜ ਸੁਮੀਤ ਮਲਹੋਤਰਾ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਅਤੇ ਮੁਅੱਤਲੀ ਅਧੀਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦੀ ਬਹਿਬਲ ਗੋਲੀ ਕਾਂਡ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ। ਵਿਸ਼ੇਸ਼ ਜਾਂਚ ਟੀਮ ਨੇ ਸੈਣੀ ਅਤੇ ਉਮਰਾਨੰਗਲ ਖ਼ਿਲਾਫ਼ ਬਹਿਬਲ ਗੋਲੀ ਕਾਂਡ ਵਿੱਚ 15 ਜਨਵਰੀ ਨੂੰ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਸੀ ਅਤੇ ਅਦਾਲਤ ਨੇ ਸੁਮੇਧ ਸੈਣੀ ਦੇ 1 ਮਾਰਚ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹੋਏ ਹਨ, ਜਦਕਿ ਉਮਰਾਨੰਗਲ ਵੀ ਅਦਾਲਤ ਵਿੱਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ। ਅੱਜ ਅਦਾਲਤ ਵਿੱਚ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਦੌਰਾਨ ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਕਿਹਾ ਕਿ ਬਹਿਬਲ ਗੋਲੀ ਕਾਂਡ ਵਿੱਚ ਸੈਣੀ ਅਤੇ ਉਮਰਾਨੰਗਲ ਨੂੰ ਸਾਜਿਸ਼ਕਾਰ ਵਜੋਂ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ ਅਤੇ ਜੇਕਰ ਇਨ੍ਹਾਂ ਨੂੰ ਅਗਾਊਂ ਜ਼ਮਾਨਤ ਮਿਲਦੀ ਹੈ ਤਾਂ ਕੇਸ ਵਿਚਲੇ ਗਵਾਹਾਂ ਨੂੰ ਪ੍ਰਭਾਵਿਤ ਕੀਤੇ ਜਾਣ ਦਾ ਖਦਸ਼ਾ ਹੈ। ਅੱਜ ਅਦਾਲਤ ਵਿੱਚ ਵਿਸ਼ੇਸ਼ ਜਾਂਚ ਟੀਮ ਅਤੇ ਪੁਲੀਸ ਅਧਿਕਾਰੀਆਂ ਦੇ ਵਕੀਲਾਂ ਦਰਮਿਆਨ ਹੋਈ *(ਬਾਕੀ ਸਫ਼ਾ 8 'ਤੇ)*



# ਭਾਰਤ ਦਾ ਪ੍ਰਧਾਨ ਮੰਤਰੀ ਮੋਦੀ ਸਿਰੇ ਦਾ ਝੂਠਾ ਵਿਅਕਤੀ-ਬਲਬੀਰ ਰਾਜੇਵਾਲ

## ਪੰਜਾਬ ਦੇ ਜਗਰਾਓ ਸ਼ਹਿਰ 'ਚੋਂ ਹੋਈ ਪਹਿਲੀ ਵਿਸ਼ਾਲ ਮਹਾਂਪੰਚਾਇਤ

### ਤਿੰਨ ਖੇਤੀ ਕਨੂੰਨ ਰੱਦ ਕਰਵਾਉਣ ਤੱਕ ਅੰਦੋਲਨ ਜਾਰੀ ਰੱਖਣ ਦਾ ਅਹਿਦ

ਜਗਰਾਉਂ-ਪੰਜਾਬ ਦੇ ਕੇਂਦਰ ਬਿੰਦੂ ਮੰਨੇ ਜਾਂਦੇ ਜਗਰਾਉਂ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਰੱਖੀ ਗਈ ਪਹਿਲੀ ਸਰਬ ਸਮਾਜ ਮਹਾਪੰਚਾਇਤ 'ਚ ਸੂਬੇ ਦੇ ਕੋਨੇ-ਕੋਨੇ ਤੋਂ ਕਿਸਾਨ ਬੀਬੀਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਤੇ ਪ੍ਰਬੰਧਕਾਂ ਦੀਆਂ ਆਸਾਂ ਤੋਂ ਕਿਤੇ ਵੱਧ ਲੋਕਾਂ ਦੇ ਵੱਡੇ ਇਕੱਠ ਨੇ ਕਾਲੇ ਕਾਨੂੰਨ ਰੱਦ ਕਰਵਾਉਣ ਦਾ ਅਹਿਦ ਲਿਆ। ਠਾਠਾਂ ਮਾਰਦੇ ਇਕੱਠ 'ਚ ਹਰੀਆਂ-ਪੀਲੀਆਂ ਝੰਡੀਆਂ, ਦਸਤਾਰਾਂ ਅਤੇ ਚੁੰਨੀਆਂ ਨੇ ਕਿਸਾਨੀ ਮੋਰਚੇ ਦੇ ਰੰਗ ਬਿਖੇਰੇ। ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਆਖਿਆ ਕਿ ਉਨ੍ਹਾਂ ਦਾ ਇੰਦਰਾ ਗਾਂਧੀ ਸਮੇਤ ਦੇਸ਼ ਦੇ ਕਈ ਪ੍ਰਧਾਨ ਮੰਤਰੀਆਂ ਨਾਲ ਵਾਹ ਪਿਆ ਹੈ ਪ੍ਰੰਤੂ ਅਜਿਹਾ ਝੂਠਾ ਪ੍ਰਧਾਨ ਮੰਤਰੀ ਪਹਿਲੀ ਵਾਰ ਦੇਖਿਆ ਹੈ। ਉਨ੍ਹਾਂ ਆਖਿਆ ਕਿ ਮੋਦੀ ਨੇ ਆਪਣੇ ਸੂਬੇ ਦੇ ਲੋਕਾਂ ਹੱਥੋਂ ਦੇਸ਼ ਲੁਟਾਉਣ ਦਾ ਮਨ ਬਣਾ ਲਿਆ ਹੈ ਕਿਉਂਕਿ ਅਡਾਨੀ, ਅੰਬਾਨੀ ਅਤੇ ਸ਼ਾਹ ਗੁਜਰਾਤ ਦੇ ਹਨ। ਬਾਕੀ ਜਿਹੜੇ ਤਿੰਨ-ਚਾਰ ਵਿਅਕਤੀ ਦੇਸ਼ ਦੀਆਂ ਬੈਂਕਾਂ ਨੂੰ ਲੁੱਟ ਕੇ ਵਿਦੇਸ਼ ਭੱਜ ਗਏ ਹਨ, ਉਹ ਵੀ ਸਾਰੇ ਮੋਦੀ ਦੇ ਸੂਬੇ ਨਾਲ ਹੀ ਸਬੰਧਤ ਹਨ। ਤਿੰਨੋਂ ਖੇਤੀ ਕਾਨੂੰਨ ਵਾਪਸ ਕਰਾਉਣ ਤੱਕ ਲੋਕਾਂ ਨੂੰ ਡਟੇ ਰਹਿਣ ਦਾ ਹੋਕਾ ਦਿੰਦਿਆਂ ਉਨ੍ਹਾਂ ਕਿਹਾ ਕਿ ਹੁਣ ਤਾਂ ਦੁਨੀਆ ਦੇ ਅਣਗਿਣਤ *(ਬਾਕੀ ਸਫ਼ਾ 8 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

UDUPI PALACE
SOUTH INDIAN VEGETARIAN CUISINE
•Dosa •Idly •Wada •Curries •Biryani •Pakora •Thali •Chole Bhature
ORDER ONLINE www.udupirestaurant.ca
UBER eats DOORDASH SKIP THE DISHES
Open 7 Days 11:00am to 11pm
778-564-7705
#9 - 13767 72 Ave., Surrey

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Surrey Punjabi Style Pizza
THINK VEGGIE
Think 100% Vegetrian
Time: 11am to 11pm
604-593-1110
#106 - 8077 King George Blvd, Surrey

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵੈਨਕੂਵਰ ਵਾਂਗ ਟੋਰਾਂਟੋ ਵਿਚ ਵੀ ਘਰ ਦੀ ਔਸਤ ਕੀਮਤ 10 ਲੱਖ ਡਾਲਰ ਤੱਕ ਪੁੱਜੀ

ਟੋਰਾਂਟੋ-ਟੋਰਾਂਟੋ ਵਿਚ ਇਸ ਸਾਲ ਮਕਾਨਾਂ ਦੀ ਔਸਤ ਕੀਮਤ 10 ਲੱਖ ਡਾਲਰ 'ਤੇ ਪਹੁੰਚ ਗਈ ਹੈ ਕਿਉਂਕਿ ਮਹਾਂਮਾਰੀ ਕਾਰਨ ਵੱਡੇ ਮਕਾਨ ਖਰੀਦਣ ਦਾ ਜਨੂੰਨ ਘਟਣ ਦਾ ਕੋਈ ਸੰਕੇਤ ਨਹੀਂ ਮਿਲਿਆ। ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਵਲੋਂ ਜਾਰੀ ਰਿਪੋਰਟ ਮੁਤਾਬਿਕ ਗਰੇਟਰ ਟੋਰਾਂਟੋ ਏਰੀਆ ਵਿਚ ਘਰ ਦੀ ਔਸਤ ਕੀਮਤ 2020 ਵਿਚ 929692 ਡਾਲਰ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ ਕਿਉਂਕਿ ਖਰੀਦਦਾਰ ਮਹਾਂਮਾਰੀ ਦੌਰਾਨ ਵੱਡੇ ਮਕਾਨ ਖਰੀਦਣ ਲਈ ਮੌਰਟਗੇਜ ਦੀਆਂ ਘਟੀਆਂ ਦਰਾਂ ਦਾ ਲਾਭ ਲੈ ਰਹੇ ਹਨ। ਇਹ ਰੁਝਾਨ ਇਸ ਸਾਲ ਵੀ ਜਾਰੀ ਹੈ ਅਤੇ ਪਿਛਲੇ ਸਾਲ ਇਸੇ ਸਮੇਂ ਦੌਰਾਨ ਹੋਈ ਵਿਕਰੀ ਦੇ ਮੁਕਾਬਲੇ ਜਨਵਰੀ ਵਿਚ ਵਿਕਰੀ 50 ਫ਼ੀਸਦੀ ਵਧੀ ਹੈ। ਬੋਰਡ ਦੇ ਮੁੱਖ ਵਿਸ਼ਲੇਸ਼ਕ ਜੇਸਨ ਮਰਸਰ ਨੇ ਆਨਲਾਈਨ ਪੇਸ਼ਕਾਰੀ ਵਿਚ ਕਿਹਾ ਕਿ ਜੇਕਰ ਜਨਵਰੀ ਦੇ ਅੰਕੜੇ ਕੋਈ ਸੰਕੇਤ ਦਿੰਦੇ ਹਨ ਤਾਂ ਅਸੀਂ ਹਾਊਸਿੰਗ ਲਈ ਇਕ ਹੋਰ ਮਜ਼ਬੂਤ ਸਾਲ ਵੱਲ ਵਧ ਰਹੇ ਹਾਂ।

DREAMCAN
IMMIGRATION CONSULTING LTD.
"Giving wings to your dreams"

- LMIA • PNP
- Express Entry
- Student Visa
- Work Permit
- Visitor Visa
- Super Visa
- Citizenship
- Family Sponsorship
- Care Giver (Nanny)
- Refugee and Humanitarian

ਅਸੀਂ ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ

ਇਸ ਐਡ ਦਾ ਵੇਰਵਾ ਦੇਣ ਤੇ ਖਾਸ ਡਿਸਕਾਂਊਟ

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਸੱਟਡੀ ਪਰਮਿਟ
- ਵਰਕ ਪਰਮਿਟ
- ਵਿਜ਼ਟਰ ਵੀਜ਼ਾ
- ਸੁਪਰ ਵੀਜ਼ਾ
- ਸਿਟੀਜ਼ਨਸ਼ਿਪ
- ਫੈਮਲੀ ਸਪਾਂਸਰਸ਼ਿਪ
- ਨੈਨੀ
- ਰਿਫਿਊਜ਼ੀ (ਸ਼ਰਨਾਰਥੀ)

Loveleen Kaur Walia
Ph.D., RCIC
Regulated Canadian Immigration Consultant
604-598-8000
rcic·cric
CAPIC ACCP
A member in good standing of CAPIC
#204 - 9093 King George Blvd., Surrey
info@dreamcan.ca | www.dreamcan.ca

# ਬੀ.ਸੀ. 'ਚ ਕੋਵਿਡ ਟੀਕਿਆਂ ਦੀ ਸਪਲਾਈ ਰੁਕੀ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦਾ ਕੋਵਿਡ-19 ਟੀਕਾਕਰਨ ਪ੍ਰੋਗਰਾਮ ਸਭ ਤੋਂ ਹਨ੍ਹੇਰੇ ਵਾਲੇ ਦਿਨਾਂ ਵਿਚ ਹੈ ਅਤੇ ਸੋਮਵਾਰ 1100 ਤੋਂ ਵੀ ਘੱਟ ਟੀਕੇ ਲਗਾਏ ਗਏ। ਸੂਬੇ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਕਿਹਾ ਕਿ 8 ਫਰਵਰੀ ਨੂੰ ਸਿਰਫ 1089 ਵਿਅਕਤੀਆਂ ਦਾ ਟੀਕਾਕਰਣ ਕੀਤਾ ਗਿਆ ਅਤੇ ਦਸੰਬਰ ਵਿਚ ਜਦੋਂ ਤੋਂ ਪ੍ਰੋਗਰਾਮ ਸ਼ੁਰੂ ਹੋਇਆ ਹੈ ਉਸ ਸਮੇਂ ਤੋਂ ਕੁਲ 155585 ਟੀਕੇ (12802 ਦੂਸਰੀਆਂ ਖੁਰਾਕਾਂ ਵੀ ਸ਼ਾਮਿਲ) ਲਗਾਏ ਗਏ ਹਨ। ਇਸ ਹਫ਼ਤੇ ਕੈਨੇਡੀਅਨ ਸੂਬਿਆਂ ਨੂੰ ਫਾਈਜ਼ਰ ਜਾਂ ਮੋਡਰਨਾ ਦੇ ਟੀਕੇ ਘੱਟ ਜਾਂ ਨਹੀਂ ਮਿਲ ਰਹੇ ਹਨ ਜਿਸ ਦਾ ਮਤਲਬ ਟੀਕਾਕਰਣ ਨੂੰ ਘਟਾ ਕੇ ਲਗਪਗ 40 ਦਿਨਾਂ ਦੇ ਅੰਦਰ ਅੰਦਰ ਦੂਸਰੀ ਖੁਰਾਕ ਦੇਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਸੂਬਾ ਆਪਣੇ ਟੀਕਾਕਰਨ ਪ੍ਰੋਗਰਾਮ ਦੇ ਅਜੇ ਪਹਿਲੇ ਪੜਾਅ ਵਿਚ ਹੈ ਜਿਹੜਾ ਬੀਸੀ ਦੀ ਜ਼ਿਆਦਾ ਖ਼ਤਰੇ ਵਾਲੀ ਆਬਾਦੀ 'ਤੇ ਕੇਂਦਰਿਤ ਹੈ ਅਤੇ ਸਿਖਰ ਦੌਰਾਨ ਰੋਜ਼ਾਨਾਂ 6 ਹਜ਼ਾਰ ਤੋਂ ਵੀ ਵੱਧ ਟੀਕਾ ਲਗਾਏ ਜਾ ਰਹੇ ਸਨ। ਇਹ ਗਿਣਤੀ ਅਗਲੇ ਮਹੀਨੇ ਵਧਣ ਦੀ ਆਸ ਹੈ ਜਦੋਂ ਸੂਬੇ ਦਾ ਸਮੂਹਿਕ ਟੀਕਾਕਰਨ ਪ੍ਰੋਗਰਾਮ ਸ਼ੁਰੂ ਹੋਵੇਗਾ। ਸੂਬੇ ਵਿਚ ਕੋਵਿਡ-19 ਦੇ 435 ਨਵੇਂ ਮਾਮਲੇ ਦਰਜ ਕੀਤੇ ਗਏ ਤੇ ਚਾਰ ਮੌਤਾਂ ਹੋਈਆਂ ਹਨ ਜਿਸ ਨਾਲ ਸੂਬੇ ਵਿਚ ਮੌਤਾਂ ਦੀ ਗਿਣਤੀ 1263 ਹੋ ਗਈ ਹੈ। ਬੀਸੀ ਵਿਚ 4393 ਐਕਟਿਵ ਮਾਮਲੇ ਹਨ ਜਿਨ੍ਹਾਂ ਵਿਚੋਂ 241 ਦਾ ਹਸਪਤਾਲਾਂ ਵਿਚ ਇਲਾਜ ਕੀਤਾ ਜਾ ਰਿਹਾ ਹੈ ਅਤੇ 68 ਦੀ ਹਾਲਤ ਨਾਜ਼ੁਕ ਹੈ।



# ਕੈਮਲੂਪਸ ਦੇ ਆਰ ਸੀ ਐਮ ਪੀ ਅਫਸਰ ਸ਼ਰਾਬ ਚੋਰ ਨੂੰ ਗ੍ਰਿਫ਼ਤਾਰ ਕਰਨ ਸਮੇਂ ਜ਼ਖ਼ਮੀ ਕਰਨ ਦੇ ਦੋਸ਼ਾਂ ਤੋਂ ਦੋਸ਼ਮੁਕਤ

ਵਿਕਟੋਰੀਆ-ਸ਼ਰਾਬ ਦੇ ਸਟੋਰ ਤੋਂ ਸ਼ਰਾਬ ਚੋਰੀ ਕਰਨ ਵਾਲੇ ਚੋਰ ਨੂੰ ਕਾਬੂ ਕਰਨ ਲਈ ਟੇਸਰ ਦੀ ਕਈ ਵਾਰ ਵਰਤੋਂ ਕਰਨ ਦੇ ਮਾਮਲੇ ਵਿਚ ਕੈਮਲੂਪਸ ਆਰਸੀਐਮਪੀ ਅਫਸਰਾਂ ਦਾ ਇਕ ਗਰੁੱਪ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ। ਬੀਸੀ ਦੀ ਸੁਤੰਤਰ ਜਾਂਚ ਦਫ਼ਤਰ ਵਲੋਂ ਜਾਰੀ ਫ਼ੈਸਲੇ ਵਿਚ ਚੀਫ਼ ਸਿਵਲੀਅਨ ਡਾਇਰੈਕਟਰ ਰੋਨਾਲਡ ਜੇ ਮੈਕਡੋਨਾਲਡ ਨੇ ਕਿਹਾ ਕਿ ਅਫਸਰਾਂ ਨੇ ਹਾਲਾਤ ਦੇ ਮੁਤਾਬਿਕ ਜੋ ਕੁਝ ਕਰਨਾ ਚਾਹੀਦਾ ਹੈ ਸਭ ਕੁਝ ਕੀਤਾ ਹੈ। ਮੈਕਡੋਨਾਲਡ ਨੇ ਕਿਹਾ ਕਿ ਚੋਰ 19 ਦਸੰਬਰ 2020 ਦੀ ਰਾਤ ਨੂੰ ਸ਼ਰਾਬ ਦੇ ਸਟੋਰ ਵਿਚ ਦਾਖਲ ਹੋਇਆ ਜਿਸ ਦਾ ਕੁਝ ਮਿੰਟ ਬਾਅਦ ਇਕ ਵਰਕਰ ਨਾਲ ਟਾਕਰਾ ਹੋ ਗਿਆ। ਵਰਕਰ ਨੇ ਉਸ ਨੂੰ ਅੰਦਰ ਬੰਦ ਕਰਕੇ ਪੁਲਿਸ ਨੂੰ ਬੁਲਾ ਲਿਆ। ਚਾਰ ਮਿੰਟ ਬਾਅਦ ਤਿੰਨ ਪੁਲਿਸ ਅਫਸਰ ਪਹੁੰਚ ਗਏ। ਇਕ ਪੁਲਿਸ ਅਫਸਰ ਸਾਹਮਣੇ ਦਰਵਾਜੇ ਰਾਹੀਂ ਦਾਖਲ ਹੋਇਆ ਅਤੇ ਦੋ ਪਿਛਲੇ ਦਰਵਾਜੇ ਦੀ ਰਾਖੀ ਕਰਨ ਲੱਗੇ। ਸ਼ੱਕੀ ਜਿਸ ਦਾ ਫ਼ੈਸਲੇ ਵਿਚ ਨਾਂਅ ਨਹੀਂ ਦੱਸਿਆ ਗਿਆ ਨੇ ਇਕ ਬੋਤਲ ਚੁੱਕੀ ਅਤੇ ਸਟੋਰ ਦੇ ਪਿਛਲੇ ਪਾਸੇ ਨੂੰ ਭੱਜ ਪਿਆ। ਜਦੋਂ ਉਸ ਨੇ ਪਿਛਲਾ ਦਰਵਾਜਾ ਖੋਲ੍ਹਿਆ ਤਾਂ ਉਸ ਦਾ ਦੂਸਰੇ ਦੋ ਅਫਸਰਾਂ ਨਾਲ ਟਾਕਰਾ ਹੋ ਗਿਆ, ਇਸ ਤਰ੍ਹਾਂ ਉਹ ਵਿਚਕਾਰ ਫਸ ਗਿਆ। ਮੈਕਡੋਨਾਲਡ ਨੇ ਲਿਖਿਆ ਕਿ ਫਿਰ ਇਸ ਵਿਅਕਤੀ ਨੇ ਬੋਤਲ ਨੂੰ ਫਰਸ਼ 'ਤੇ ਮਾਰ ਕੇ ਤੋੜਿਆ ਅਤੇ ਟੁੱਟੀ ਹੋਈ ਬੋਤਲ ਨੂੰ ਅਫਸਰਾਂ ਵੱਲ ਨੂੰ ਉਠਾਉਣ ਲੱਗਾ। ਇਸ ਪਿੱਛੋਂ ਇਕ ਅਫਸਰ ਨੇ ਉਸ ਨੂੰ ਸ਼ਾਂਤ ਕਰਨ ਲਈ ਟੇਸਰ ਦੀ ਵਰਤੋਂ ਕੀਤੀ ਜਿਸ ਨਾਲ ਉਹ ਪਿੱਛੇ ਨੂੰ ਡਿਗ ਪਿਆ ਅਤੇ ਉਸ ਨੇ ਆਪਣੀ ਗਰਦਨ 'ਤੇ ਟੁੱਟੀ ਬੋਤਲ ਮਾਰਨੀ ਸ਼ੁਰੂ ਕਰ ਦਿੱਤੀ। ਮੌਕੇ 'ਤੇ ਹੋਰ ਅਫਸਰ ਵੀ ਪਹੁੰਚ ਗਏ। ਉਸ ਨੂੰ ਕਾਬੂ ਕਰਨ ਲਈ ਉਸ ਦੇ ਖਿਲਾਫ 13 ਵਾਰ ਟੇਸਰ ਦੀ ਵਰਤੋਂ ਕੀਤੀ ਗਈ। ਮੈਕਡੋਨਾਲਡ ਨੇ ਕਿਹਾ ਕਿ ਚੋਰ 'ਤੇ ਸੀਈਡਬਲਯੂਜ਼ ਦੀ ਵਰਤੋਂ ਦਾ ਅਸਰ ਨਾ ਹੋਇਆ ਕਿਉਂਕਿ ਉਸ ਨੇ ਠੰਢ ਤੋਂ ਬਚਾਅ ਲਈ ਮੋਟੇ ਕੱਪੜੇ ਪਹਿਨੇ ਹੋਏ ਸਨ। ਅਧਿਕਾਰੀ ਉਸ ਸਮੇਂ ਘੱਟ ਮਾਰੂ ਹਥਿਆਰਾਂ ਨਾਲ ਲੈਸ ਨਹੀਂ ਸਨ ਜਿਹੜੇ ਇਸ ਸਥਿਤੀ ਵਿਚ ਬਿਹਤਰ ਕੰਮ ਕਰ ਸਕਦੇ ਸਨ।

## ਨਿਊਟਨ ਪਾਰਕ ਵਿਚ ਜਿਣਸੀ ਹਮਲੇ ਦਾ ਸ਼ੱਕੀ ਗ੍ਰਿਫ਼ਤਾਰ

ਸਰੀ-ਨਿਊਟਨ ਪਾਰਕ ਵਿਚ ਇਕ ਕੱਚੀ ਉਮਰ ਦੇ ਲੜਕੇ ਨਾਲ ਜਿਸਮਾਨੀ ਛੇੜਖਾਨੀ ਕਰਨ ਵਾਲੇ ਇਕ ਸ਼ੱਕੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਪਰ ਬਾਅਦ ਵਿਚ ਉਸ ਨੂੰ ਇਨ੍ਹਾਂ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਕਿ ਉਹ ਸਰੀ ਦੇ ਸਕੂਲਾਂ ਜਾਂ ਪਾਰਕਾਂ ਵਿਚ ਨਹੀਂ ਜਾਵੇਗਾ। ਦੋਸ਼ ਸਾਬਤ ਨਹੀਂ ਹੋਏ ਅਤੇ ਜਾਂਚ ਚਲ ਰਹੀ ਹੈ। ਵੀਰਵਾਰ ਦੁਪਹਿਰ ਇਕ ਵਜੇ ਨਿਊਟਨ ਪਾਰਕ ਵਿਖੇ ਦੋ ਲੜਕਿਆਂ ਵਿਚ ਇਕ ਨੂੰ ਕਿਸੇ ਅਣਪਛਾਤੇ ਵਿਅਕਤੀ ਨੇ ਪਿੱਛੋਂ ਫੜ ਲਿਆ। ਘਟਨਾ ਵਿਚ ਨੌਜਵਾਨ ਨੂੰ ਕੋਈ ਨੁਕਸਾਨ ਤਾਂ ਨਹੀਂ ਹੋਇਆ ਅਤੇ ਉਸ ਨੇ ਘਟਨਾ ਬਾਰੇ ਪੁਲਿਸ ਨੂੰ ਸ਼ਿਕਾਇਤ ਕੀਤੀ। ਸ਼ੁੱਕਰਵਾਰ ਪੁਲਿਸ ਨੇ ਐਲਾਨ ਕੀਤਾ ਕਿ 65 ਸਾਲਾ ਸਾਊਥ ਏਸ਼ੀਅਨ ਵਿਅਕਤੀ ਜਿਣਸੀ ਹਮਲੇ ਲਈ ਗ੍ਰਿਫ਼ਤਾਰ ਕਰ ਲਿਆ ਹੈ। ਪਰ ਉਸ ਨੂੰ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਗਿਆ ਹੈ।

JJB
INSURANCE
BBB ACCREDITED BUSINESS
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ


Ask for Special Rate for
Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com



ਸ੍ਰੀ ਚਰਨ ਪਾਲ ਗਿੱਲ
O.B.C. (ਆਡਰ ਆਫ ਬ੍ਰਿਟਿਸ਼ ਕੋਲੰਬੀਆ)

ਸਿਮਪਸਨ, ਥਾਮਸ ਐਂਡ ਐਸੋਸੀਏਟਸ ਦੀ ਤਰਫੋਂ ਮੈਂ ਪ੍ਰਗਤੀਸ਼ੀਲ ਅੰਤਰ-ਸਭਿਆਚਾਰਕ ਕੰਮਿਊਨਿਟੀ ਸੇਵਾਵਾਂ (ਪੀ.ਆਈ.ਸੀ.ਐੱਸ.) ਸੁਸਾਇਟੀ ਦੇ ਸੰਸਥਾਪਕ ਸੀ.ਈ.ਓ. ਸਵਰਗੀ ਚਰਨ ਪਾਲ ਗਿੱਲ ਦੇ ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਪ੍ਰਤੀ ਦਿਲੀ ਹਮਦਰਦੀ ਜਾਹਰ ਕਰਨਾ ਚਾਹੁੰਦਾ ਹਾਂ।

ਗਿੱਲ ਸਾਹਿਬ ਇੰਡੋ-ਕੈਨੇਡੀਅਨ ਕੰਮਿਊਨਿਟੀ ਦੇ ਪਹਿਲੇ ਚੁਣੇ ਨੇਤਾਵਾਂ ਵਿਚੋਂ ਇੱਕ ਸਨ। ਜਦੋਂ ਮੈਂ ਵਿਧਾਇਕ ਸੀ ਮੈਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਵੱਡਾ ਸਨਮਾਨ ਮਿਲਿਆ। ਉਨ੍ਹਾਂ ਨੇ ਮੈਨੂੰ ਇੰਡੋ-ਕੈਨੇਡੀਅਨ ਕੰਮਿਊਨਿਟੀ ਦੇ ਕਿਸਾਨਾਂ ਅਤੇ ਮਜਦੂਰਾਂ ਦੇ ਅਧਿਕਾਰਾਂ ਦੀ ਰਾਖੀ ਲਈ ਕਾਨੂੰਨ ਵਿੱਚ ਤਬਦੀਲੀ ਲਈ ਉਤਸਾਹਿਤ ਕੀਤਾ।

ਚਰਨ ਦੀ ਸਮਾਜਿਕ ਨਿਆਂ ਪ੍ਰਤੀ ਅਤੇ ਜੀਵਣ ਪ੍ਰਤੀ ਵਚਨਬੱਧਤਾ ਨੇ ਸਾਰੇ ਬ੍ਰਿਟਿਸ਼ ਕੋਲੰਬੀਆ ਦੇ ਜੀਵਨ ਉੱਤੇ ਡੂੰਘਾ ਪ੍ਰਭਾਵ ਪਾਇਆ।ਉਹ ਬਹੁਤ ਯਾਦ ਕੀਤੇ ਜਾਣਗੇ।



Bernie Simpson C.M.
Former MLA for Vancouver-Fraserview

# ਟਰੈਕਟਰ ਪਰੇਡ ਦੌਰਾਨ ਮਰਨ ਵਾਲੇ ਨੌਜਵਾਨ ਨਵਰੀਤ ਸਿੰਘ ਦੇ ਮਾਮਲੇ ਤੇ ਹਾਈਕੋਰਟ ਵਲੋਂ ਨੋਟਿਸ ਜਾਰੀ



ਨਵੀਂ ਦਿੱਲੀ-ਗਣਤੰਤਰ ਦਿਵਸ ਮੌਕੇ ਕਿਸਾਨ ਟਰੈਕਟਰ ਪਰੇਡ ਦੌਰਾਨ ਆਈਟੀਓ ਨੇੜੇ ਭੇਤਭਰੇ ਹਾਲਾਤ 'ਚ ਮਾਰੇ ਗਏ ਨੌਜਵਾਨ ਨਵਰੀਤ ਸਿੰਘ ਹੁੰਦਲ ਦੇ ਮਾਮਲੇ 'ਚ ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲੀਸ, ਉੱਤਰ ਪ੍ਰਦੇਸ਼ ਪੁਲੀਸ ਅਤੇ 'ਆਪ' ਸਰਕਾਰ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਨਵਰੀਤ ਸਿੰਘ ਦੇ ਦਾਦੇ ਹਰਦੀਪ ਸਿੰਘ ਡਿਬਡਿਬਾ ਵੱਲੋਂ ਪਾਈ ਗਈ ਪਟੀਸ਼ਨ 'ਤੇ ਇਹ ਨੋਟਿਸ ਜਾਰੀ ਹੋਏ ਹਨ। ਹਾਈ ਕੋਰਟ ਨੇ ਦਿੱਲੀ ਪੁਲੀਸ ਨੂੰ ਜਾਂਚ ਬਾਰੇ ਸਥਿਤੀ ਰਿਪੋਰਟ 26 ਫਰਵਰੀ ਜਾਂ ਇਸ ਤੋਂ ਪਹਿਲਾਂ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਸਥਿਤੀ ਰਿਪੋਰਟ ਦੀ ਇਕ ਨਕਲ ਪਟੀਸ਼ਨਕਰਤਾ ਨੂੰ ਦੇਣ ਦੀ ਵੀ ਹਦਾਇਤ ਕੀਤੀ ਹੈ। ਜ਼ਿਕਰਯੋਗ ਹੈ ਕਿ ਪੁਲੀਸ ਨੇ ਨਵਰੀਤ ਸਿੰਘ ਦੀ ਮੌਤ ਉਸ ਦਾ ਟਰੈਕਟਰ ਪਲਟਣ ਕਾਰਨ ਹੋਣ ਦਾ ਦਾਅਵਾ ਕੀਤਾ ਹੈ ਜਦਕਿ ਪਰਿਵਾਰ ਮੁਤਾਬਕ ਉਸ ਦੀ ਮੌਤ ਗੋਲੀ ਲੱਗਣ ਨਾਲ ਹੋਈ ਹੈ। ਜਸਟਿਸ ਯੋਗੇਸ਼ ਖੰਨਾ ਨੇ ਰਾਮਪੁਰ ਹਸਪਤਾਲ ਦੇ ਮੁੱਖ ਮੈਡੀਕਲ ਅਧਿਕਾਰੀ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਨਵਰੀਤ ਦਾ ਪੋਸਟਮਾਰਟਮ ਰਾਮਪੁਰ ਦੇ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੀ ਇਕ ਟੀਮ ਵੱਲੋਂ ਕੀਤਾ ਗਿਆ ਸੀ। ਮ੍ਰਿਤਕ ਦੇ ਦਾਦੇ ਹਰਦੀਪ ਸਿੰਘ ਵੱਲੋਂ ਪੇਸ਼ ਹੋਈ ਵਕੀਲ ਵਰਿੰਦਾ ਗਰੋਵਰ ਨੇ ਦੱਸਿਆ ਕਿ ਉਨ੍ਹਾਂ ਅਦਾਲਤ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਰਾਹੀਂ ਨਵਰੀਤ ਦੀ ਮੌਤ ਦੀ ਜਾਂਚ ਮੰਗੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਨੌਜਵਾਨ ਟਰੈਕਟਰ ਚਾਲਕ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਕਾਰਨ ਹੋਈ ਹੈ। ਵਕੀਲ ਨੇ ਕਿਹਾ ਕਿ ਚਸ਼ਮਦੀਦਾਂ ਦੇ ਬਿਆਨ ਅਤੇ ਡਾਕਟਰੀ ਰਾਇ ਤੋਂ ਇਹ ਸਾਫ਼ ਹੁੰਦਾ ਹੈ ਕਿ ਨਵਰੀਤ ਦੀ ਮੌਤ ਦਿੱਲੀ ਪੁਲੀਸ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ ਅਤੇ ਇਹ ਇਕ ਸਾਜ਼ਿਸ਼ ਵੀ ਹੋ ਸਕਦੀ ਹੈ। ਵਕੀਲ ਮੁਤਾਬਕ ਪੁਲੀਸ ਨਵਰੀਤ ਦੀ ਮੌਤ ਬਾਰੇ ਐਲਾਨ ਕਰਨ ਤੋਂ ਪਹਿਲਾਂ ਕੋਈ ਜਾਂਚ ਕਰਨ ਵਿੱਚ ਅਸਫ਼ਲ ਰਹੀ ਕਿ ਉਸ ਦੀ ਮੌਤ ਹਾਦਸੇ ਕਾਰਨ ਹੋਈ ਸੀ। ਉਨ੍ਹਾਂ ਕਿਹਾ ਕਿ ਯੂਕੇ ਆਧਾਰਿਤ ਡਾਕਟਰ ਨੇ ਵੀ ਕਿਹਾ ਹੈ ਕਿ ਨਵਰੀਤ ਦੇ ਜਿਹੜੇ ਜ਼ਖ਼ਮ ਹਨ, ਉਸ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਉਸ ਦੇ ਸਿਰ 'ਚ ਇਕ ਜਾਂ ਦੋ ਗੋਲੀਆਂ ਲੱਗੀਆਂ ਹਨ। ਉਨ੍ਹਾਂ ਦਲੀਲ ਦਿੱਤੀ ਕਿ ਇਥੋਂ ਪਤਾ ਲੱਗਦਾ ਹੈ ਕਿ ਗੋਲੀ ਲੱਗਣ ਮਗਰੋਂ ਨਵਰੀਤ ਟਰੈਕਟਰ ਤੋਂ ਕੰਟਰੋਲ ਗੁਆ ਬੈਠਾ ਅਤੇ ਉਹ ਪਲਟ ਗਿਆ।




## ਰਾਜ ਸਭਾ ਵਿਚ ਮੋਦੀ ਦੇ ਅਥਰੂ ਇਕ ਡਰਾਮਾ ਸੀ-ਸ਼ਸ਼ੀ ਥਰੂਰ

ਨਵੀਂ ਦਿੱਲੀ-ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਗੁਲਾਮ ਨਬੀ ਆਜ਼ਾਦ ਨੂੰ ਦਿੱਤੀ ਗਈ ਭਾਵੁਕ ਵਿਦਾਇਗੀ ਨੂੰ ਪਹਿਲਾਂ ਤੋਂ 'ਘੜੀ-ਘੜਾਈ ਪੇਸ਼ਕਾਰੀ' ਕਰਾਰ ਦਿੱਤਾ ਹੈ।



ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਦੀ ਸਵੈ-ਜੀਵਨੀ ਬਾਰੇ ਵਿਚਾਰ-ਚਰਚਾ 'ਚ ਹਿੱਸਾ ਲੈਂਦਿਆਂ ਸ੍ਰੀ ਥਰੂਰ ਨੇ ਪ੍ਰਧਾਨ ਮੰਤਰੀ ਦੇ ਭਾਵੁਕ ਹੋਣ ਦੀ ਘਟਨਾ ਉੱਤੇ ਟਿੱਪਣੀ ਕਰਦਿਆਂ ਕਿਹਾ,'ਇਹ ਬਹੁਤ ਹੀ ਕਲਾਤਮਕ ਤਰੀਕੇ ਨਾਲ ਤਿਆਰ ਕੀਤੀ ਗਈ ਪੇਸ਼ਕਾਰੀ ਸੀ। ਇਹ ਅੰਸ਼ਿਕ ਤੌਰ 'ਤੇ ਰਾਕੇਸ਼ ਟਿਕੈਤ ਦੇ ਹੰਝੂਆਂ ਨੂੰ ਟੱਕਰ ਦੇਣ ਲਈ ਸੀ ਤਾਂ ਜੋ ਪ੍ਰਧਾਨ ਮੰਤਰੀ ਇਹ ਸਾਬਿਤ ਕਰ ਸਕਣ ਕਿ ਉਹ ਵੀ ਹੰਝੂ ਵਹਾ ਸਕਦੇ ਹਨ।' ਪੱਤਰਕਾਰ ਰਾਜਦੀਪ ਸਰਦੇਸਾਈ ਵੱਲੋਂ ਸ੍ਰੀ ਥਰੂਰ ਨੂੰ ਪ੍ਰਧਾਨ ਮੰਤਰੀ ਵੱਲੋਂ ਰਾਜ ਸਭਾ 'ਚ ਵਹਾਏ ਗਏ ਹੰਝੂਆਂ ਬਾਰੇ ਸਵਾਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸ਼ਸ਼ੀ ਥਰੂਰ ਅਤੇ ਸਰਦੇਸਾਈ ਸਮੇਤ 7 ਵਿਅਕਤੀਆਂ ਖ਼ਿਲਾਫ਼ ਦਰਜ ਕੇਸ 'ਚ ਸੁਪਰੀਮ ਕੋਰਟ ਨੇ 9 ਫਰਵਰੀ ਨੂੰ ਉਨ੍ਹਾਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਾ ਕੇ ਰਾਹਤ ਦੇ ਦਿੱਤੀ ਹੈ। ਸ੍ਰੀ ਥਰੂਰ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਹਾਮਿਦ ਅਨਸਾਰੀ ਵਰਗੀਆਂ ਹਸਤੀਆਂ ਲਈ ਸਿਆਸਤ 'ਚ ਥਾਂ ਨਹੀਂ ਰਹੀ ਹੈ।

## ਨਿਊਜੀਲੈਂਡ ਵਿਚ ਮਾਓਰੀ ਆਗੂ ਨੂੰ ਟਾਈ ਨਾ ਲਗਾਉਣ ਤੇ ਸੰਸਦ ਚੋ ਕੱਢਿਆ

ਵੈਲਿੰਗਟਨ-ਟਾਈ ਬੰਨ੍ਹਣ ਤੋਂ ਇਨਕਾਰ ਕਰਨ 'ਤੇ ਨਿਊਜ਼ੀਲੈਂਡ ਦੀ ਸੰਸਦ 'ਚੋਂ ਕੱਢੇ ਗਏ ਮਾਓਰੀ ਆਗੂ ਰਾਵਿਰੀ ਵੈਟਿਟੀ ਨੇ ਕਿਹਾ ਕਿ ਉਨ੍ਹਾਂ ਨੂੰ ਪੱਛਮੀ ਕੱਪੜੇ ਪਹਿਨਣ ਲਈ ਮਜਬੂਰ ਕਰਨਾ ਉਨ੍ਹਾਂ ਦੇ ਹੱਕਾਂ ਦਾ ਘਾਣ ਹੈ ਅਤੇ ਸਵਦੇਸ਼ੀ ਸੱਭਿਆਚਾਰ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਸਦਨ ਦੇ ਸਪੀਕਰ ਨੇ ਰਾਵਿਰੀ ਵੈਟਿਟੀ ਨੂੰ ਦੋ ਵਾਰ ਕਿਹਾ ਕਿ ਉਹ ਸਦਨ 'ਚ ਸਵਾਲ ਤਾਂ ਹੀ ਪੁੱਛ ਸਕਦੇ ਹਨ ਜੇਕਰ ਉਹ ਗਲੇ 'ਚ ਟਾਈ ਬੰਨ੍ਹਦੇ ਹਨ। ਪਹਿਲੀ ਵਾਰ ਸੰਸਦ ਮੈਂਬਰ ਬਣੇ 40 ਸਾਲਾ ਵੈਟਿਟੀ ਨੇ ਫਿਰ ਵੀ ਸਵਾਲ ਪੁੱਛਣੇ ਜਾਰੀ ਰੱਖੇ ਤਾਂ ਸਪੀਕਰ ਨੇ ਉਨ੍ਹਾਂ ਨੂੰ ਸਦਨ 'ਚੋਂ ਬਾਹਰ ਚਲੇ ਜਾਣ ਦਾ ਹੁਕਮ ਦਿੱਤਾ। ਮਾਓਰੀ ਸੱਭਿਅਤਾ ਦਾ ਲੌਕੇਟ 'ਟਾਓਂਗਾ' ਪਹਿਨ ਕੇ ਸੰਸਦ 'ਚ ਆਏ ਵੈਟਿਟੀ ਨੇ ਕਿਹਾ ਕਿ ਇਹ ਮਸਲਾ ਸਿਰਫ਼ ਇੱਕ ਟਾਈ ਦਾ ਨਹੀਂ ਹੈ ਬਲਕਿ ਸਭਿਆਚਾਰਕ ਪਛਾਣ ਦਾ ਹੈ। ਨਿਊਜ਼ੀਲੈਂਡ 'ਚ ਵਾਪਰੀ ਇਸ ਘਟਨਾ ਨੇ ਬਸਤੀਵਾਦ ਬਾਰੇ ਬਹਿਸ ਮੁੜ ਛੇੜ ਦਿੱਤੀ ਹੈ ਅਤੇ ਸੋਸ਼ਲ ਮੀਡੀਆ 'ਤੇ 'ਹੈਸ਼ਟੈਗ ਨੋ ਟਾਈ' ਮੁਹਿੰਮ ਸ਼ੁਰੂ ਹੋ ਸਕਦੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਵੈਟਿਟੀ ਨੇ ਕਿਹਾ ਕਿ ਉਹ ਸਦਨ ਦੇ ਸਪੀਕਰ ਵੱਲੋਂ ਕੀਤੇ ਗਏ ਵਿਹਾਰ ਤੋਂ ਹੈਰਾਨ ਨਹੀਂ ਹਨ ਕਿਉਂਕਿ ਮਾਓਰੀ ਲੋਕਾਂ ਨਾਲ ਪਿਛਲੇ ਸੈਂਕੜੇ ਸਾਲਾਂ ਤੋਂ ਅਜਿਹਾ ਵਿਹਾਰ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, 'ਦੇਸ਼ ਵਿੱਚ ਮਾਓਰੀ ਲੋਕਾਂ ਨਾਲ ਬਰਾਬਰੀ ਵਾਲਾ ਵਿਹਾਰ ਨਹੀਂ ਕੀਤਾ ਜਾਂਦਾ ਅਤੇ ਦੋਇਮ ਦਰਜੇ ਦੇ ਨਾਗਰਿਕ ਹੀ ਸਮਝਿਆ ਜਾਂਦਾ ਹੈ।

## ਬੀ.ਸੀ. ਪੰਜਾਬੀ ਪ੍ਰੈਸ ਕਲੱਬ ਵਲੋਂ ਭਾਰਤੀ ਕੌਂਸਲਖਾਨੇ ਦੇ ਬਾਹਰ ਰੋਸ ਪ੍ਰਦਰਸ਼ਨ

ਵੈਨਕੂਵਰ-ਬੀ ਸੀ ਪੰਜਾਬੀ ਪ੍ਰੈੱਸ ਕਲੱਬ ਵੱਲੋਂ ਵੈਨਕੂਵਰ ਸਥਿਤ ਭਾਰਤੀ ਸਫ਼ਾਰਤਖਾਨੇ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਭਾਰਤ ਸਰਕਾਰ ਲਈ ਮੰਗ ਪੱਤਰ ਦੇਣਾ ਚਾਹਿਆ, ਪਰ ਦੂਤਘਰ ਦੇ ਅਮਲੇ ਵੱਲੋਂ ਮੰਗ ਪੱਤਰ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ। ਪੱਤਰਕਾਰਾਂ ਦੀ ਮੰਗ ਸੀ ਕਿ ਭਾਰਤ ਵਿਚ ਲੋਕਤੰਤਰ ਦੇ ਕੀਤੇ ਜਾ ਰਹੇ ਘਾਣ ਨੂੰ ਬੰਦ ਕੀਤਾ ਜਾਵੇ ਅਤੇ ਸੱਚ ਲਿਖਣ ਵਾਲੇ ਪੱਤਰਕਾਰਾਂ ਖ਼ਿਲਾਫ਼ ਦਰਜ ਕੀਤੇ ਝੂਠੇ ਕੇਸ ਰੱਦ ਕੀਤੇ ਜਾਣ। ਉਨ੍ਹਾਂ ਸਰਕਾਰ ਨੂੰ ਭਾਰਤੀ ਸੰਵਿਧਾਨ ਦਾ ਸਤਿਕਾਰ ਕੀਤੇ ਜਾਣ ਦਾ ਵੀ ਵਾਸਤਾ ਪਾਇਆ। ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਪ੍ਰੈੱਸ ਕਲੱਬ ਪ੍ਰਧਾਨ ਨਵਜੋਤ ਕੌਰ ਢਿੱਲੋਂ ਵੱਲੋਂ ਮੰਗ ਪੱਤਰ ਪੜ੍ਹਿਆ ਗਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਪੱਤਰਕਾਰਾਂ ਦੇ ਸੱਚ ਨੂੰ ਦਬਾਉਣ ਵੇਲੇ ਔਰਤ ਪੱਤਰਕਾਰਾਂ ਦਾ ਵੀ ਲਿਹਾਜ ਨਹੀਂ ਕਰ ਰਹੀ। ਰੈਲੀ ਨੂੰ ਗੁਰਪ੍ਰੀਤ ਸਿੰਘ, ਜਰਨੈਲ ਸਿੰਘ ਆਰਟਿਸਟ, ਖੁਸ਼ਪਾਲ ਸਿੰਘ ਗਿੱਲ, ਬਖਸ਼ਿੰਦਰ ਸਿੰਘ, ਹਰਕੀਰਤ ਸਿੰਘ ਕੁਲਾਰ ਤੇ ਅਮਰਪਾਲ ਸਿੰਘ ਨੇ ਵੀ ਸੰਬੋਧਨ ਕੀਤਾ।



# ਸਿੱਖ ਧਰਮ ਸਿਕੁੜ ਰਿਹਾ ਹੈ?

**ਜਸਵੰਤ ਸਿੰਘ 'ਅਜੀਤ'**

ਬੀਤੇ ਕਾਫੀ ਸਮੇਂ ਤੋਂ ਸਿੱਖ ਬੁਧੀਜੀਵੀਆਂ ਅਤੇ ਧਾਰਮਕ ਸੰਸਥਾਵਾਂ ਦੇ ਮੁਖੀਆਂ ਦੇ ਇਕ ਵਰਗ, ਜਿਨ੍ਹਾਂ ਦੇ ਨਾਲ ਕੁਝ ਰਾਜਸੀ ਸਿਖ ਵੀ ਸ਼ਾਮਲ ਹਨ, ਵਲੋਂ 'ਬ੍ਰਾਹਮਣਵਾਦੀ' ਪ੍ਰਭਾਵ ਤੋਂ ਸਿੱਖੀ ਨੂੰ ਮੁਕਤ ਕਰਾਉਣ ਦੇ ਨਾਂ ਤੇ ਇਕ ਅੰਦੋਲਣ ਸ਼ੁਰੂ ਕੀਤਾ ਗਿਆ ਹੋਇਆ ਹੈ। ਇਨ੍ਹਾਂ ਸੁਧਾਰਵਾਦੀਆਂ ਦਾ ਕਹਿਣਾ ਹੈ ਕਿ ਗੁਰੂ ਸਾਹਿਬਾਨ ਨੇ ਜਿਸ 'ਬ੍ਰਾਹਮਣਵਾਦੀ' ਪ੍ਰਭਾਵ ਤੋਂ ਮਨੁਖੀ-ਸਮਾਜ ਨੂੰ ਮੁਕਤ ਕਰਨ ਲਈ ਸਿੱਖ-ਪੰਥ ਦੀ ਸਿਰਜਨਾ ਕੀਤੀ ਸੀ, ਉਹੀ 'ਬ੍ਰਾਹਮਣਵਾਦੀ' ਪ੍ਰਭਾਵ ਮੁੜ ਸਿੱਖ-ਪੰਥ ਰਾਹੀਂ ਮਨੁਖੀ-ਸਮਾਜ ਪੁਰ ਹਾਵੀ ਹੁੰਦਾ ਜਾ ਰਿਹਾ ਹੈ। ਜਿਸਦੇ ਫਲਸਰੂਪ ਉਨ੍ਹਾਂ ਸਿਖਾਂ ਦੀ ਵੀ ਅੱਡਰੀ ਪਛਾਣ ਅਤੇ ਹੋਂਦ ਲਈ ਭਾਰੀ ਖਤਰਾ ਪੈਦਾ ਹੁੰਦਾ ਜਾ ਰਿਹਾ ਹੈ, ਜੋ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਤੇ ਕੁਰਬਾਨੀਆਂ ਕਾਰਣ ਬ੍ਰਾਹਮਣਵਾਦੀ ਪ੍ਰਭਾਵ ਤੋਂ ਮੁਕਤ ਹੋ ਗਏ ਹੋਏ ਮੰਨੇ ਜਾਂਦੇ ਰਹੇ ਹਨ। ਸਿੱਖੀ ਨੂੰ ਇਸ ਵਧ ਰਹੇ ਖਤਰੇ ਤੋਂ ਬਚਾਣ ਦੇ ਨਾਂ ਤੇ ਇਨ੍ਹਾਂ 'ਸੁਧਾਰਵਾਦੀਆਂ' ਵਲੋਂ ਜੋ ਨੀਤੀ ਅਪਨਾਈ ਗਈ ਹੋਈ ਹੈ ਅਤੇ ਜਿਸ ਨੀਤੀ ਅਧੀਨ ਇਨ੍ਹਾਂ ਵਲੋਂ ਜੋ ਕੁਝ ਕੀਤਾ ਜਾ ਰਿਹਾ ਹੈ, ਉਸਦੀ ਘੋਖ ਕਰਨ ਵਾਲੇ ਸਿੱਖ ਬੁਧੀਜੀਵੀਆਂ ਅਤੇ ਧਾਰਮਕ ਸ਼ਖਸੀਅਤਾਂ ਦੇ ਇਕ ਵਰਗ ਵਲੋਂ, ਉਸਨੂੰ ਪਸੰਦ ਨਹੀਂ ਕੀਤਾ ਜਾ ਰਿਹਾ। ਇਸ ਵਰਗ ਦਾ ਕਹਿਣਾ ਹੈ ਕਿ ਸਿੱਖੀ ਨੂੰ ਬਚਾਣ ਦੇ ਨਾਂ ਤੇ ਇਨ੍ਹਾਂ ਸੁਧਾਰਵਾਦੀਆਂ ਵਲੋਂ ਜੋ ਕੁਝ ਕੀਤਾ ਜਾ ਰਿਹਾ ਹੈ, ਉਸਦੇ ਨਾਲ ਸਿੱਖੀ ਦਾ ਬਚਾਅ ਜਾਂ ਫੈਲਾਅ ਹੋ ਪਾਣਾ ਤਾਂ ਦੂਰ ਰਿਹਾ, ਸਗੋਂ ਉਸ ਨਾਲ ਤਾਂ ਗੁਰੂ ਸਾਹਿਬਾਨ ਵਲੋਂ ਸਿਰਜਿਆ ਸਿੱਖ-ਧਰਮ, ਵਿਸ਼ਵ-ਵਿਆਪੀ ਆਦਰਸ਼ਾਂ ਪੁਰ ਅਧਾਰਤ ਹੋਣ ਦੇ ਬਾਵਜੂਦ, ਚਾਰਦੀਵਾਰੀ ਵਿਚ ਸਿਮਟ ਕੇ ਰਹਿ ਜਾਇਗਾ। ਇਸ ਵਰਗ ਦੇ ਮੁਖੀਆਂ ਦਾ ਮੰਨਣਾ ਹੈ ਕਿ 'ਸਿੱਖੀ-ਬਚਾਉ' ਦੇ ਨਾਂ ਤੇ ਜੋ ਅੰਦੋਲਣ ਸ਼ੁਰੂ ਕੀਤਾ ਗਿਆ ਹੋਇਆ ਹੈ, ਉਸ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਘਰ ਪੁਰ ਅਪਾਰ ਸ਼ਰਧਾ ਰਖਣ ਵਾਲੇ 'ਸਹਿਜਧਾਰੀ', ਸਿੱਖ ਨਹੀਂ ਹੋ ਸਕਦੇ, ਕਿਉਂਕਿ ਉਨ੍ਹਾਂ ਦਸਮੇਸ਼ ਪਿਤਾ ਦੀ ਬਖਸ਼ੀ ਦਾਤ ਅੰਮ੍ਰਿਤ ਦਾ ਪਾਨ ਨਹੀਂ ਕੀਤਾ ਅਤੇ ਨਾ ਹੀ ਉਹ ਸਾਬਤ-ਸੂਰਤ ਹਨ। ਸੁਧਾਰਵਾਦੀਆਂ ਦਾ ਇਹ ਵੀ ਕਹਿਣਾ ਹੈ, ਕਿ ਜੇ ਇਹ 'ਸਹਿਜਧਾਰੀ' ਸਿੱਖੀ ਦੇ ਨਾਲ ਜੁੜੇ ਰਹੇ ਤਾਂ ਇਨ੍ਹਾਂ ਦੇ ਸਹਾਰੇ ਸਿੱਖੀ-ਵਿਰੋਧੀ, ਗ਼ੈਰ-ਸਿੱਖ ਅਨਸਰ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਹੋ ਜਾਏਗਾ, ਫਲਸਰੂਪ ਗੁਰਦੁਆਰਿਆਂ ਵਿਚ ਸਥਾਪਤ ਮਰਿਆਦਾ ਪ੍ਰਭਾਵਤ ਹੋਣ ਲਗੇਗੀ।

ਦੂਸਰੇ ਪਾਸੇ ਇਹੀ ਸੁਧਾਰਵਾਦੀ ਬ੍ਰਾਹਮਣਵਾਦੀ-ਦ੍ਰਿਸ਼ਟੀਕੋਣ ਅਨੁਸਾਰ ਇਹ ਮੰਨਦੇ ਹਨ ਕਿ ਸਿੱਖ ਦੇ ਘਰ ਪੈਦਾ ਹੋਣ ਵਾਲਾ ਹੀ ਸਿੱਖ ਹੋ ਸਕਦਾ ਹੈ, ਭਾਵੇਂ ਉਹ ਸਿੱਖੀ-ਵਿਰਸੇ ਨਾਲੋਂ ਟੁਟ, ਸਿੱਖੀ-ਸਰੂਪ ਨੂੰ ਤਿਲਾਂਜਲੀ ਹੀ ਕਿਉਂ ਨਾ ਦੇ ਗਿਆ ਹੋਵੇ। ਉਨ੍ਹਾਂ ਨੂੰ ਅਖਬਾਰਾਂ ਵਿਚ ਛਪੇ ਵਿਆਹ-ਸ਼ਾਦੀਆਂ ਦੇ ਉਹ ਇਸ਼ਤਿਹਾਰ ਪੜ੍ਹ ਕੇ ਨਾ ਤਾਂ ਸ਼ਰਮ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਦਿਲ ਵਿਚ ਵਿਰੋਧ ਕਰਨ ਦੀ ਭਾਵਨਾ ਜਾਗਦੀ ਹੈ, ਜਿਨ੍ਹਾਂ ਰਾਹੀਂ ਮੋਟੇ-ਮੋਟੇ ਅਖਰਾਂ ਵਿਚ 'ਕਲੀਨਸ਼ੇਵਨ-ਸਿੱਖ' ਮੁੰਡੇ ਲਈ ਸਿੱਖ ਕੁੜੀ ਦੀ ਅਤੇ ਸਿੱਖ ਕੁੜੀ ਲਈ 'ਕਲੀਨਸ਼ੇਵਨ ਸਿੱਖ' ਮੁੰਡੇ ਦੀ ਮੰਗ ਇਸਤਰ੍ਹਾਂ ਕੀਤੀ ਗਈ ਹੁੰਦੀ ਹੈ, ਜਿਵੇਂ ਸਿੱਖ ਮੁੰਡੇ ਦਾ 'ਕਲੀਨਸ਼ੇਵਨ' ਹੋਣਾ ਕੋਈ ਵਿਸ਼ੇਸ਼ ਯੋਗਤਾ ਹੋਵੇ। ਇਹ ਇਸ਼ਤਿਹਾਰ ਪੜ੍ਹ ਕੇ ਇਨ੍ਹਾਂ 'ਸੁਧਾਰਵਾਦੀਆਂ' ਦੀ ਸਿੱਖੀ-ਭਾਵਨਾ ਨੂੰ ਕੋਈ ਠੇਸ ਪੁਜੀ ਹੋਵੇ ਜਾਂ ਇਨ੍ਹਾਂ ਨੇ ਇਹ ਕੁਝ ਪੜ੍ਹ ਕੇ ਇਸਦੇ ਵਿਰੁਧ ਕੋਈ ਹਿਲ-ਜੁਲ ਕੀਤੀ ਹੋਵੇ, ਕਦੀ ਕਿਧਰੇ ਪੜ੍ਹਿਆ-ਸੁਣਿਆ ਨਹੀਂ ਗਿਆ। ਸ਼ਾਇਦ ਇਨ੍ਹਾਂ ਨੂੰ ਇਸ ਗਲ ਤੇ ਮਾਣ ਹੁੰਦਾ ਹੋਵੇਗਾ ਕਿ 'ਕਲੀਨਸ਼ੇਵਨ' ਹੋ ਕੇ ਵੀ ਮੁੰਡਾ ਆਪਣੇ ਸਿੱਖ ਹੋਣ ਤੇ 'ਫਖਰ' ਤਾਂ ਕਰ ਹੀ ਰਿਹਾ ਹੈ। ਇਨ੍ਹਾਂ ਆਪੇ ਬਣੇ 'ਸੁਧਾਰਵਾਦੀਆਂ' ਦੀਆਂ ਇਨ੍ਹਾਂ ਨੀਤੀਆਂ ਪੁਰ ਉਂਗਲ ਉਠਾਣ ਵਾਲਿਆਂ ਦਾ ਇਹ ਵੀ ਕਹਿਣਾ ਹੈ ਕਿ ਜਿਵੇਂ ਬ੍ਰਾਹਮਣਾਂ ਨੇ ਆਪਣੀ ਸਰਵੁਚਤਾ ਦੀ ਹੈਸੀਅਤ ਬਣਾਈ ਰਖਣ ਲਈ ਵੇਦਾਂ-ਪੁਰਾਣਾਂ ਅਤੇ ਸ਼ਾਸਤਰਾਂ ਦੇ ਪੜ੍ਹਨ ਅਤੇ ਉਨ੍ਹਾਂ ਦਾ ਅਧਿਅਨ ਕਰਨ ਦਾ ਅਧਿਕਾਰ ਆਪਣੇ ਲਈ ਰਾਖਵਾਂ ਕਰਕੇ ਗ਼ੈਰ-ਬ੍ਰਾਹਮਣਾਂ ਲਈ, ਇਨ੍ਹਾਂ ਦੇ ਪੜ੍ਹਨ ਤੇ ਰੋਕ ਲਾ ਦਿਤੀ ਹੋਈ ਸੀ ਅਤੇ ਪਛੜਿਆਂ ਨੂੰ ਇਨ੍ਹਾਂ ਦੇ ਸੁਣਨ ਤਕ ਦਾ ਅਧਿਕਾਰ ਵੀ ਨਹੀਂ ਸੀ ਦਿਤਾ ਹੋਇਆ, ਇਸੇ ਤਰ੍ਹਾਂ ਇਹ 'ਸੁਧਾਰਵਾਦੀ' ਵੀ 'ਸਿੱਖੀ ਬਚਾਉਣ' ਦੇ ਨਾਂ ਤੇ ਗੁਰਬਾਣੀ ਪੜ੍ਹਨ ਦਾ ਅਧਿਕਾਰ ਕੇਵਲ ਆਪਣੇ ਲਈ ਹੀ ਰਾਖਵਾਂ ਕਰਨ ਵਲ ਵਧ ਰਹੇ ਹਨ। ਉਨ੍ਹਾਂ ਗ਼ੈਰ-ਸਿੱਖਾਂ ਦੇ ਬਾਣੀ ਪੜ੍ਹਨ ਤੇ ਰੋਕ ਲਾਉਣ ਵਲ ਵੀ ਕਦਮ ਵਧਾਣਾ ਸ਼ੁਰੂ ਕਰ ਦਿਤਾ ਹੈ। ਬਜਾਏ ਇਸਦੇ ਕਿ ਉਹ ਦੂਜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਣ-ਸਤਿਕਾਰ ਕਾਇਮ ਰਖਣ ਦੀ ਸਿੱਖਿਆ ਦੇਣ ਦੀ ਜ਼ਿਮੇਂਦਾਰੀ ਸੰਭਾਲਣ, ਸਗੋਂ ਇਨ੍ਹਾਂ ਨੇ ਤਾਂ ਉਨ੍ਹਾਂ ਦੇ ਘਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹੀ ਚੁਕਾਣੇ ਸ਼ੁਰੂ ਕਰ ਦਿਤੇ। ਉਨ੍ਹਾਂ ਕਦੀ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਨ੍ਹਾਂ ਸਿੱਖਾਂ ਨੇ ਅਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਥਾਪਤ ਕੀਤੇ ਹੋਏ ਹਨ, ਕੀ ਉਨ੍ਹਾਂ ਸਾਰਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਪੂਰਣ ਮਰਿਆਦਾ ਅਨੁਸਾਰ ਕੀਤੀ ਜਾ ਰਹੀ ਹੈ?

'ਸੋ ਕਿਉ ਮੰਦਾ ਆਖੀਐ' ਸ਼ਬਦ ਦਾ ਗਾਇਨ ਕਰਨ ਅਤੇ ਸੁਣਨ ਵਾਲੇ ਇਹ 'ਸੁਧਾਰਵਾਦੀ' ਭਾਸ਼ਣ ਕਰਦਿਆਂ ਤਾਂ ਬੜੇ ਹੀ ਮਾਣ ਨਾਲ ਦਾਅਵਾ ਕਰਦੇ ਹਨ ਕਿ ਭਾਰਤੀ ਸਮਾਜ ਵਲੋਂ ਦੁਰਕਾਰੀ ਤੇ ਪੈਰ ਦੀ ਜੁਤੀ ਸਮਝੀ ਜਾਂਦੀ ਨਾਰੀ ਨੂੰ ਗੁਰੂ ਸਾਹਿਬ ਨੇ ਨਾ ਕੇਵਲ ਬਰਾਬਰਤਾ ਦਾ ਅਧਿਕਾਰ ਦਿਤਾ, ਸਗੋਂ ਉਸਨੂੰ ਬਣਦਾ ਸਨਮਾਨ ਵੀ ਦਿਤਾ। ਪਰ ਅਜ ਉਸੇ ਨਾਰੀ ਨੂੰ ਹਰਿਮੰਦਿਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਹੋਣ ਵਾਲੀ ਸੇਵਾ ਵਿਚ ਹਿੱਸਾ ਲੈਣ ਤੋਂ ਤਾਂ ਰੋਕਿਆ ਹੀ ਜਾ ਰਿਹਾ ਹੈ, ਇਸਦੇ ਨਾਲ ਹੀ ਉਸਨੂੰ, ਜਿਸ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਬ ਦਾ ਸਰੂਪ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਪ੍ਰਕਾਸ਼ ਕਰਨ ਲਈ ਲਿਆਇਆ ਜਾਂਦਾ ਹੈ, ਉਸ ਪਾਲਕੀ ਨੂੰ ਮੋਢਾ ਦੇਣ ਦਾ ਅਧਿਕਾਰ ਦੇਣਾ ਤਾਂ ਦੂਰ ਰਿਹਾ, ਹਥ ਲਾਉਣ ਦਾ ਅਧਿਕਾਰ ਵੀ ਨਹੀਂ ਦਿਤਾ ਜਾ ਰਿਹਾ। ਬੀਤੇ ਕਾਫੀ ਸਮੇਂ ਤੋਂ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਕੀਰਤਨ ਕਰਨ ਦੇ ਅਧਿਕਾਰ ਦੀ ਮੰਗ ਕਰ ਰਹੀਆਂ ਬੀਬੀਆਂ ਨੂੰ ਲਗਾਤਾਰ ਨਿਰਾਸ਼ ਕੀਤਾ ਜਾ ਰਿਹਾ ਹੈ, ਕਿਉਂ? ਕੀ ਸਿਰਫ ਇਸ ਕਰਕੇ ਕਿ ਬ੍ਰਾਹਮਣੀ-ਵਰਗ ਨਾਰੀ ਨੂੰ 'ਪੈਰ ਦੀ ਜੁਤੀ' ਸਮਝਦਾ ਹੈ, ਤਾਂ ਫਿਰ ਉਹ ਕਿਵੇਂ ਗੁਰੂ ਸਾਹਿਬਾਨ ਵਲੋਂ ਉਸਨੂੰ ਸਨਮਾਨਤ ਤੇ ਬਰਾਬਰਤਾ ਦੇ ਦਿਤੇ ਗਏ ਅਧਿਕਾਰ ਨੂੰ ਮਾਨਤਾ ਦੇ ਦੇਣ? ਇਨ੍ਹਾਂ ਸੁਧਾਰਵਾਦੀਆਂ ਦਾ ਇਸ ਗਲ ਨਾਲ ਕੋਈ ਮਤਲਬ ਨਹੀਂ ਕਿ ਉਨ੍ਹਾਂ ਵਲੋਂ ਸੁਧਾਰ ਦੇ ਨਾਂ ਤੇ ਸ਼ੁਰੂ ਕੀਤੇ ਗਏ ਹੋਏ 'ਸਿੱਖੀ ਬਚਾਓ' ਅੰਦੋਲਣ ਦੇ ਫਲਸਰੂਪ ਸਿੱਖ-ਪੰਥ ਵਿਚ ਵੰਡੀਆਂ ਪੈ ਰਹੀਆਂ ਹਨ। ਜਿਸ ਨਾਲ ਸਿੱਖੀ ਨੂੰ ਨਾ ਠਲ੍ਹੀ ਜਾ ਸਕਣ ਵਾਲੀ ਢਾਹ ਲਗਦੀ ਜਾ ਰਹੀ ਹੈ। ਸਿੱਖਾਂ ਵਿਚ ਵੀ ਉਸੇ ਤਰ੍ਹਾਂ ਦੀਆਂ ਵੰਡੀਆਂ ਪੈਣ ਦੀਆਂ ਸੰਭਾਵਨਾਵਾਂ ਵਧਦੀਆਂ ਚਲੀਆਂ ਜਾ ਰਹੀਆਂ ਹਨ ਜਿਵੇਂ ਕਿ ਮੁਸਲਮਾਣਾਂ, ਇਸਾਈਆਂ, ਜੈਨੀਆਂ, ਬੋਧੀਆਂ ਆਦਿ ਫਿਰਕਿਆਂ ਵਿਚ ਪਈਆਂ ਹੋਈਆਂ ਹਨ।

## ...ਅਤੇ ਅੰਤ ਵਿਚ

ਅਜ ਜਾਤੀਆਂ ਦੇ ਨਾਂ (ਅਧਾਰ) ਤੇ ਗੁਰਦੁਆਰੇ ਬਣਦੇ ਜਾ ਰਹੇ ਹਨ। ਗੁਰਦੁਆਰਿਆਂ ਦੇ ਮੁਖ ਦੁਆਰ ਤੇ ਬੜੇ ਸਜਾਵਟੀ ਅਖਰਾਂ ਵਿਚ ਲਿਖਿਆ ਜਾ ਰਿਹਾ ਹੈ, ਗੁਰਦੁਆਰਾ ਰਾਮਗੜ੍ਹੀਆਂ, ਗੁਰਦੁਆਰਾ ਪੋਠੋਹਾਰੀਆਂ, ਗੁਰਦੁਆਰਾ ਪਿਸ਼ੋਰੀਆਂ, ਜਟਾਂ, ਭਾਪਿਆਂ, ਰਾਮਦਾਸੀਆਂ ਆਦਿ। ਗੁਰਦੁਆਰੇ, ਹੁਣ ਗੁਰੂ ਦੇ ਦੁਆਰ ਨਾ ਰਹਿ, ਜਾਤੀਆਂ ਦੇ ਬਣਦੇ ਜਾ ਰਹੇ ਹਨ। ਕਈ ਗੁਰਦੁਆਰਿਆਂ ਵਿਚ ਤਾਂ ਅੰਮ੍ਰਿਤਧਾਰੀ ਦਲਿਤਾਂ ਨੂੰ ਨਾ ਪ੍ਰਸ਼ਾਦ ਵੰਡਣ ਦਿਤਾ ਜਾਂਦਾ ਹੈ ਤੇ ਨਾ ਹੀ ਲੰਗਰ। ਪੰਗਤ ਵਿੱਚ ਬੈਠ ਲੰਗਰ ਵੀ ਛਕਣ ਨਹੀਂ ਦਿੱਤਾ ਜਾਂਦਾ। ਕੀ ਇਹ ਸਭ ਕੁਝ 'ਬ੍ਰਾਹਮਣੀ ਸੋਚ' ਤੋਂ ਮੁਕਤ ਹੁੰਦਿਆਂ ਜਾਣ ਦਾ ਪ੍ਰਤੀਕ ਹੈ ਜਾਂ ਕਿ 'ਬ੍ਰਾਹਮਣੀ ਸੋਚ' ਦੇ ਭਾਰੂ ਹੁੰਦਿਆਂ ਜਾਣ ਦਾ? ਕੀ ਇਹ ਗੁਰੂ ਸਾਹਿਬ ਵਲੋਂ ਪ੍ਰਚਾਰੇ ਉਨ੍ਹਾਂ ਆਦਰਸ਼ਾਂ ਦੇ ਨਾਲ ਵਿਸ਼ਵਾਸਘਾਤ ਨਹੀਂ, ਜਿਨ੍ਹਾਂ ਨੂੰ ਸਥਾਪਤ ਕਰਨ ਅਤੇ ਜਿਨ੍ਹਾਂ ਦੀਆਂ ਨੀਹਾਂ ਤੇ ਸਿੱਖੀ ਦਾ ਮੱਹਲ ਉਸਾਰਣ ਲਈ ਉਨ੍ਹਾਂ ਆਪਣਾ-ਆਪ ਹੀ ਨਹੀਂ, ਸਗੋਂ ਆਪਣਾ ਸਰਬੰਸ ਤਕ ਵੀ ਕੁਰਬਾਨ ਕਰ ਦਿਤਾ ਸੀ?

DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ– ਸੰਨੀ ਸੰਧਰ 604-727-2421







# 'ਪੀਸ ਆਰਚ' ਪਾਰਕ ਬੰਦ ਕਰਨ ਦੀ ਮੰਗ

[ਸਫ਼ਾ 3 ਦੀ ਬਾਕੀ]

ਮੁੱਦੇ ਨੂੰ ਸੂਬੇ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਸਮੱਸਿਆ ਵਜੋਂ ਆਖਿਆ ਤਾਂ ਉਹ ਤੁਰੰਤ ਕਾਰਵਾਈ ਕਰਨਗੇ। ਇਹ ਮੁੱਦਾ ਸਾਊਥ ਸਰੀ ਤੋਂ ਐਮਐਲਏ ਸਟੀਫਨ ਕੈਡੀਐਕਸ ਅਤੇ ਸਰੀ-ਵਾਈਟ ਰੌਕ ਤੋਂ ਐਮਐਲਏ ਟਰੇਵਰ ਹੈਲਫੋਰਡ ਵਲੋਂ ਪੱਤਰ ਲਿਖਣ ਪਿੱਛੋਂ ਮੀਡੀਆ ਨੇ ਉਠਾਇਆ ਸੀ। ਦੋਵਾਂ ਨੇ ਹੌਰਗਨ ਨੂੰ ਅਪੀਲ ਕੀਤੀ ਕਿ ਉਹ ਪੀਸ ਆਰਕ ਸਟੇਟ ਪਾਰਕ ਨੂੰ ਬੰਦ ਕਰਨ ਬਾਰੇ ਇਨਸਲੀ ਨਾਲ ਗੱਲਬਾਤ ਕਰਨ। ਸੂਬਾ ਸਰਕਾਰ ਨੇ ਪਾਰਕ ਦਾ ਕੈਨੇਡਾ ਵਾਲਾ ਪਾਸਾ ਜੂਨ ਵਿਚ ਬੰਦ ਕਰ ਦਿੱਤਾ ਸੀ ਪਰ ਸਿਫਰ ਐਵੀਨਿਊ ਸਥਿਤ ਅਮਰੀਕੀ ਪਾਸਾ ਅਜੇ ਵੀ ਖੁਲ੍ਹਾ ਹੈ। ਹੌਰਗਨ ਨੇ ਕਿਹਾ ਕਿ ਉਂਜ ਸੂਬੇ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਇਸ ਬਾਰੇ ਚਿੰਤਾ ਜ਼ਾਹਿਰ ਨਹੀਂ ਕੀਤੀ।

# ਭਾਰਤ ਦਾ ਪ੍ਰਧਾਨ ਮੰਤਰੀ ਮੋਦੀ ਸਿਰੇ ਦਾ ਝੂਠਾ ਵਿਅਕਤੀ-ਬਲਬੀਰ ਰਾਜੇਵਾਲ

[ਸਫ਼ਾ 3 ਦੀ ਬਾਕੀ]

ਦੇਸ਼ਾਂ ਦੀ ਕਿਸਾਨਾਂ ਨੂੰ ਹਮਾਇਤ ਪ੍ਰਾਪਤ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਮੋਦੀ ਹਕੂਮਤ ਨੂੰ ਲਲਕਾਰਦਿਆਂ ਆਖਿਆ ਕਿ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਕੋਈ ਵੀ ਜਨ ਅੰਦੋਲਨ ਕਦੇ ਵੀ ਫੇਲ੍ਹ ਨਹੀਂ ਹੋਇਆ ਹੈ। 'ਭਾਵੇਂ ਦੇਸ਼ ਦੀ ਆਜ਼ਾਦੀ ਲਈ ਆਰੰਭੇ ਸੰਘਰਸ਼ ਦੀ ਗੱਲ ਹੋਵੇ, ਇਸ ਮਿੱਟੀ ਦੇ ਜਾਇਆਂ ਨੇ ਕਦੇ ਵੀ ਪਿੱਠ ਨਹੀਂ ਦਿਖਾਈ ਹੈ। ਹੁਣ ਤਾਂ ਸਾਡੇ ਖੇਤਾਂ, ਸਾਡੇ ਹੱਕਾਂ ਦੀ ਗੱਲ ਹੈ।' ਉਨ੍ਹਾਂ ਆਖਿਆ ਕਿ ਮੋਦੀ ਹਕੂਮਤ ਨੂੰ ਜਾਣ ਲੈਣਾ ਚਾਹੀਦਾ ਕਿ ਹੁਣ



ਕਾਰਪੋਰੇਟ ਘਰਾਣਿਆਂ ਦੀ ਭਾਈਵਾਲੀ ਅਤੇ ਕਿਸਾਨਾਂ 'ਤੇ ਧੱਕੇ ਨਾਲ ਥੋਪੇ ਗਏ ਕਾਲੇ ਕਾਨੂੰਨ ਮਨਜ਼ੂਰ ਨਹੀਂ ਹਨ। 'ਸਾਨੂੰ ਆਪਣੇ ਹੱਕ ਲੈਣੇ ਬਾਖੂਬੀ ਆਉਂਦੇ ਹਨ। ਅੱਜ ਨਹੀਂ ਤਾਂ ਕੱਲ ਕਾਲੇ ਕਾਨੂੰਨ ਵਾਪਸ ਲੈਣੇ ਹੀ ਪੈਣੇ ਹਨ।' ਲੋਕਾਂ ਨੂੰ ਮੁਖਾਤਿਬ ਹੁੰਦਿਆਂ ਉਗਰਾਹਾਂ ਨੇ ਕਿਹਾ ਕਿ ਉਹ ਘਰ-ਘਰ ਤੋਂ ਦਿੱਲੀ ਮੋਰਚੇ 'ਚ ਪੁੱਜਣ ਅਤੇ ਜਿੱਤ ਨੂੰ ਯਕੀਨ 'ਚ ਬਦਲਣ ਲਈ ਯੋਗਦਾਨ ਪਾਉਣ। ਮਹਾਪੰਚਾਇਤ ਨੂੰ ਬੀਬੀ ਪਵਿੱਤਰ ਕੌਰ, ਮਨਜੀਤ ਸਿੰਘ ਧਨੇਰ, ਨਿਰਭੈ ਸਿੰਘ ਢੁੱਡੀਕੇ, ਕਾਕਾ ਸਿੰਘ, ਕੁਲਵੰਤ ਸਿੰਘ ਸੰਧੂ, ਬਲਦੇਵ ਸਮਰਾ, ਸਤਨਾਮ ਵੜੈਚ, ਵਿਜੈ ਕਾਲੜਾ, ਹਰਿੰਦਰ ਲੱਖੋਵਾਲ ਆਦਿ ਨੇ ਵੀ ਸੰਬੋਧਨ ਕੀਤਾ।

# ਸਾਬਕਾ ਡੀ.ਜੀ.ਪੀ. ਸੈਣੀ ਤੇ ਮੁਅਤਲ ਆਈ.ਜੀ. ਉਮਰਾਨੰਗਲ ਦੀ ਪੇਸ਼ਗੀ ਜ਼ਮਾਨਤ ਅਰਜੀ ਰੱਦ

[ਸਫ਼ਾ 3 ਦੀ ਬਾਕੀ]

ਬਹਿਸ 'ਚ ਖੁਲਾਸਾ ਹੋਇਆ ਕਿ ਵਿਸ਼ੇਸ਼ ਜਾਂਚ ਟੀਮ ਸੁਮੇਧ ਸੈਣੀ ਤੋਂ ਬਾਅਦ ਇਸ ਮਾਮਲੇ ਵਿੱਚ ਹੋਰ ਵੀ ਵੱਡੇ ਵਿਅਕਤੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰ ਸਕਦੀ ਹੈ। ਅਦਾਲਤ ਨੇ ਬਹਿਬਲ ਗੋਲੀ ਕਾਂਡ ਨੂੰ ਗੰਭੀਰ ਅਪਰਾਧ ਮੰਨਦਿਆਂ ਆਪਣੇ ਹੁਕਮ ਵਿੱਚ ਕਿਹਾ ਹੈ ਕਿ ਇਸ ਗੋਲੀ ਕਾਂਡ ਵਿੱਚ ਦੋ ਨੌਜਵਾਨਾਂ ਦੀ ਗੋਲੀ ਲੱਗਣ ਨਾਲ ਮੌਤ ਹੋਈ ਹੈ। ਇਸ ਕਰਕੇ ਅਜਿਹੇ ਗੰਭੀਰ ਅਪਰਾਧ ਵਿੱਚ ਅਗਾਊਂ ਜ਼ਮਾਨਤ ਦੇਣਾ ਜਾਇਜ਼ ਨਹੀਂ ਹੈ। ਪੰਜਾਬ ਸਰਕਾਰ ਨੇ ਅੱਜ ਅਦਾਲਤ ਵਿੱਚ ਖੁਲਾਸਾ ਕੀਤਾ ਕਿ ਪੁਲੀਸ ਨੇ ਜਿਹੜੇ ਲੋਕਾਂ 'ਤੇ ਗੋਲੀਆਂ ਚਲਾਈਆਂ ਉਹ ਬਿਲਕੁਲ ਨਿਹੱਥੇ ਸਨ ਅਤੇ ਸ਼ਾਂਤਮਈ ਅੰਦੋਲਨ ਕਰਕੇ ਬੇਅਦਬੀ ਕਾਂਡ ਦੇ ਕਥਿਤ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਸਨ। ਸਰਕਾਰ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਬਹਿਬਲ ਗੋਲੀ ਕਾਂਡ ਵਿੱਚ ਦੋ ਸਿੱਖ ਨੌਜਵਾਨਾਂ ਦੀ ਮੌਤ ਮਗਰੋਂ ਪੁਲੀਸ ਅਧਿਕਾਰੀ ਇੱਕ-ਦੂਜੇ ਨੂੰ ਸ਼ੁੱਭ-ਇੱਛਾਵਾਂ ਦੇ ਰਹੇ ਸਨ। ਉਮਰਾਨੰਗਲ ਅਤੇ ਡੀ.ਜੀ.ਪੀ. ਦੀ ਬਹਿਬਲ ਗੋਲੀ ਕਾਂਡ ਦੌਰਾਨ ਕੁਝ ਘੰਟਿਆਂ ਵਿੱਚ ਹੀ ਫੋਨ 'ਤੇ 22 ਵਾਰ ਗੱਲਬਾਤ ਹੋਈ। ਜਾਂਚ ਟੀਮ ਨੇ ਦਾਅਵਾ ਕੀਤਾ ਕਿ ਗੋਲੀ ਕਾਂਡ ਦੀ ਸਾਜਿਸ਼ ਜਾਣ ਬੁੱਝ ਰਚੀ ਗਈ ਸੀ ਤਾਂ ਜੋ ਆਮ ਲੋਕਾਂ ਵਿੱਚ ਖੌਫ਼ ਪੈਦਾ ਕੀਤਾ ਜਾ ਸਕੇ।

# ਸੀ.ਈ.ਆਰ.ਬੀ. ਲੈਣ ਵਾਲੇ ਸਵੈਰੋਜ਼ਗਾਰ ਅਯੋਗ ਕੈਨੇਡੀਅਨਾਂ ਨੂੰ ਵਾਪਸੀ ਲਈ ਨਹੀਂ ਕੀਤਾ ਜਾਵੇਗਾ ਮਜ਼ਬੂਰ

[ਸਫ਼ਾ 3 ਦੀ ਬਾਕੀ]

ਨੂੰ ਪੈਸਾ ਵਾਪਸ ਕਰਨ ਲਈ ਮਜ਼ਬੂਰ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸੀਈਆਰਬੀ ਪ੍ਰਾਪਤ ਕਰਨ ਵਾਲੇ ਕੁਝ ਅਯੋਗ ਸਵੈਰੋਜ਼ਗਾਰ ਜਿਨ੍ਹਾਂ ਨੇ ਸੀਆਰਏ ਨੂੰ ਕੁਝ ਜਾਂ ਸਾਰੀ ਰਕਮ ਪਹਿਲਾਂ ਹੀ ਵਾਪਸ ਕਰ ਦਿੱਤੀ ਹੈ ਵਲੋਂ ਇਕ ਵਾਰ ਫਿਰ ਦਾਅਵਾ ਕਰਨ ਲਈ ਏਜੰਸੀ ਨਾਲ ਸੰਪਰਕ ਕਰਨ ਦੀ ਸੰਭਾਵਨਾ ਹੈ ਕਿਉਂਕਿ ਉਹ ਪ੍ਰੋਗਰਾਮ ਦੇ ਦੂਸਰੇ ਸਾਰੇ ਮਾਪਦੰਡ ਪੂਰੇ ਕਰਦੇ ਹਨ। ਸੂਤਰਾਂ ਨੇ ਦੱਸਿਆ ਕਿ ਕੁਝ ਹੋਰ ਵੇਰਵਿਆਂ ਦੀ ਉਡੀਕ ਕੀਤਾ ਜਾ ਰਹੀ ਹੈ। ਇਸ ਫ਼ੈਸਲੇ ਨਾਲ ਪੈਸੇ ਲੈਣ ਵਾਲੇ ਉਨ੍ਹਾਂ ਸਵੈਰੋਜ਼ਗਾਰ ਨੂੰ ਵੱਡੀ ਰਾਹਤ ਮਿਲਣ ਦੀ ਸੰਭਾਵਨਾ ਹੈ ਜਿਹੜੇ ਫੈਡਰਲ ਟੈਕਸ ਏਜੰਸੀ ਤੋਂ 14000 ਡਾਲਰ ਦੀ ਅਦਾਇਗੀ ਦਾ ਸਾਹਮਣਾ ਕਰ ਰਹੇ ਹਨ ਅਤੇ ਇਸ ਦੇ ਨਾਲ ਵਕੀਲਾਂ ਨੇ ਦਲੀਲ ਦਿੱਤੀ ਕਿ ਪੈਸੇ ਵਾਪਸ ਲੈਣ ਦੀ ਗੱਲਬਾਤ ਰੱਦ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਸਰਕਾਰ ਦੀ ਗਲਤੀ ਕਾਰਨ ਦੁਬਿਧਾ ਪੈਦਾ ਹੋਈ ਹੈ। ਇਹ ਗੱਲ ਸਵੈਰੋਜ਼ਗਾਰ ਸੇਵਾਮੁਕਤ ਕੈਨੇਡੀਅਨਾਂ ਦੀ ਤਰਫੋਂ ਫੈਡਰਲ ਸਰਕਾਰ ਖਿਲਾਫ ਪ੍ਰਸਾਤਵਤ ਕਲਾਸ ਐਕਸ਼ਨ ਮੁਕੱਦਮਾ ਦਾਇਰ ਕਰਨ ਤੋਂ ਇਕ ਹਫਤੇ ਪਿੱਛੋਂ ਸਾਹਮਣੇ ਆਈ ਹੈ ਜਿਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਮਿਲੀਆਂ ਸੀਈਆਰਬੀ ਪੇਮੈਂਟਾਂ ਵਾਪਸ ਕਰਨੀਆਂ ਪੈਣਗੀਆਂ। ਸੀਆਰਏ ਵਲੋਂ ਪਿਛਲੇ ਸਪਰਿੰਗ ਵਿਚ ਗਲਤ ਜਾਣਕਾਰੀ ਦੇਣ ਕਾਰਨ ਸਮੱਸਿਆ ਪੈਦਾ ਹੋਈ ਸੀ ਕਿ 2000 ਡਾਲਰ ਐਮਰਜੈਂਸੀ ਫੰਡ ਮਹੀਨਾ ਲੈਣ ਲਈ ਸਵੈਰੋਜ਼ਗਾਰ ਕੈਨੇਡੀਅਨਾਂ ਦੀ ਕਿੰਨੀ ਆਮਦਨ ਹੋਵੇ। ਸੀਈਆਰਬੀ ਯੋਗਤਾ ਮਾਪਦੰਡ ਇਸ ਗੱਲ ਦੀ ਮੰਗ ਕਰਦਾ ਹੈ ਕਿ ਪੈਸੇ ਲੈਣ ਵਾਲੇ ਨੇ 2019 ਵਿਚ ਸਾਰਾ ਸਾਲ ਜਾਂ ਅਰਜ਼ੀ ਦੇਣ ਤਕ 12 ਮਹੀਨਿਆਂ ਵਿਚ ਟੈਕਸ ਤੋਂ ਬਿਨ੍ਹਾਂ ਘੱਟੋ ਘੱਟ 5000 ਡਾਲਰ ਕਮਾਈ ਕੀਤੀ ਹੋਵੇ।


idea immigration

SUPER VISAS & PNPs

ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



ACTIVE INSURANCE
Trusted Name In the Community

ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ

- ਕਾਰ • ਟਰੱਕ
- ਘਰਾਂ ਦੀ ਇੰਸ਼ੋਰੈਂਸ
- ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN

OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878

VANCOUVER OFFICE:
London Sq. 200-3340 Kingsway
604-437-7878

OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899



Tarlok (Tony) Chandi
778-858-7878



Arjun Singh
604.760.3661


## ਸੰਪਾਦਕੀ

### ਮੋਦੀ ਸਰਕਾਰ ਦਾ ਮਜ਼ਾਕ....

# 'ਬਤਾਓ ਇਨ ਖੇਤੀ ਕਨੂੰਨੋਂ ਮੇ ਕਾਲਾ ਕਿਆ ਹੈ...?'

**ਸੁਖਵਿੰਦਰ ਸਿੰਘ ਚੋਹਲਾ**

ਤਿੰਨ ਖੇਤੀ ਕਨੂੰਨਾਂ ਖਿਲਾਫ ਰਾਜਧਾਨੀ ਦਿੱਲੀ ਦੇ ਬਾਹਰ ਕਿਸਾਨਾਂ ਦਾ ਅੰਦੋਲਨ 26 ਜਨਵਰੀ ਦੀ ਘਟਨਾ ਉਪਰੰਤ ਚੌਧਰੀ ਰਾਕੇਸ਼ ਟਿਕੈਤ ਵਲੋਂ ਮਾਰੀ ਗਈ ਧਾਹ ਉਪਰੰਤ ਪਹਿਲੇ ਜਲੌਅ ਵਿਚ ਪਰਤ ਆਇਆ ਹੈ। ਯੂ ਪੀ, ਹਰਿਆਣਾ ਤੇ ਰਾਜਸਥਾਨ ਵਿਚ ਹੋ ਰਹੀਆਂ ਮਹਾਂਪੰਚਾਇਤਾਂ ਨੇ ਇਸ ਅੰਦੋਲਨ ਨੂੰ ਇਕ ਨਵੀ ਦਿਸ਼ਾ ਪ੍ਰਦਾਨ ਕੀਤੀ ਹੈ। ਜਿਹੜੀ ਸਰਕਾਰ ਪਹਿਲਾਂ ਇਸ ਅੰਦੋਲਨ ਨੂੰ ਕੇਵਲ ਪੰਜਾਬ ਦੇ ਕਿਸਾਨਾਂ ਤੱਕ ਸੀਮਤ ਹੋਣ ਦੇ ਦਾਅਵੇ ਕਰ ਰਹੀ ਸੀ ਉਹ ਸਰਕਾਰ ਹੁਣ ਦਿੱਲੀ ਦੁਆਲੇ ਜਬਰਦਸਤ ਘੇਰਾਬੰਦੀ ਕਰਕੇ ਕਿਸੇ ਨਵੀਂ ਸਾਜਿਸ਼ੀ ਰਣਨੀਤੀ ਉਪਰ ਕੰਮ ਕਰਦੀ ਦਿਖਾਈ ਦੇ ਰਹੀ ਹੈ। ਲਾਲ ਕਿਲੇ ਦੇ ਸਾਜਿਸ਼ੀ ਘਟਨਾਕ੍ਰਮ ਉਪਰੰਤ ਹੁਣ ਉਹ ਦਿੱਲੀ ਦੁਆਲੇ ਬਹੁ-ਪਰਤੀ ਬੈਰੀਗੇਡ ਲਗਾਕੇ, ਸੜਕਾਂ ਉਪਰ ਕਾਂਟੇਦਾਰ ਤਾਰਾਂ ਦੇ ਜਾਲ ਵਿਛਾਕੇ, ਮੋਟੀਆਂ ਕਿੱਲਾਂ ਠੋਕਕੇ ਤੇ ਇੰਟਰਨੈਟ ਬੰਦ ਕਰਕੇ ਇਹ ਦੱਸਣ ਦਾ ਯਤਨ ਕਰ ਰਹੀ ਹੈ ਕਿ ਕਿਸਾਨ ਅੰਦੋਲਨ ਨਾਲ ਸਿੱਝਣ ਦੀ ਉਸਦੀ ਤਿਆਰੀ ਕਿਵੇਂ ਦੀ ਹੈ। ਅਜਿਹਾ ਕਰਕੇ ਇਕ ਦਹਿਸ਼ਤੀ ਮਾਹੌਲ ਸਿਰਜਿਆ ਜਾ ਰਿਹਾ ਹੈ। ਇਕ ਅਜਿਹਾ ਤਣਾਅ ਭਰਿਆ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਜਿਵੇ ਰਾਜਧਾਨੀ ਦੇ ਬਾਹਰ ਕਿਸਾਨ ਨਹੀ ਦੇਸ਼ ਦੁਸ਼ਮਣਾਂ ਨੇ ਘੇਰਾ ਘੱਤਿਆ ਹੋਵੇ। ਉਹਨਾਂ ਤੋ ਕੇਵਲ ਸਰਕਾਰ ਨੂੰ ਹੀ ਖਤਰਾ ਨਹੀ ਰਾਜਧਾਨੀ ਵਿਚ ਵਸਦੇ ਆਮ ਸ਼ਹਿਰੀਆਂ ਨੂੰ ਵੀ ਵੱਡਾ ਖਤਰਾ ਹੈ। ਸਰਕਾਰ ਵੱਲੋ ਖੇਡੀ ਜਾ ਰਹੀ ਗੰਦੀ ਰਾਜਨੀਤੀ ਦਾ ਰਾਜਧਾਨੀ ਵਿਚ ਵਸਦੇ ਸ਼ਹਿਰੀਆਂ ਨੇ ਕਿਸਾਨਾਂ ਦੇ ਹੱਕ ਵਿਚ ਮਿਸ਼ਾਲ ਮਾਰਚ ਕੱਢਕੇ ਜਵਾਬ ਦੇਣ ਦਾ ਯਤਨ ਕੀਤਾ ਹੈ। ਸੜਕ ਉਪਰ ਗੱਡੇ ਕਿੱਲਾਂ ਉਪਰ ਖੇਤਾਂ ਦੀ ਮਿੱਟੀ ਵਿਛਾਕੇ ਉਸ ਉਪਰ ਫੁੱਲਾਂ ਦੇ ਬੀਜ ਬੋਅ ਕੇ ਕਿਸਾਨ ਆਗੂ ਟਿਕੈਤ ਨੇ ਸਰਕਾਰ ਦੇ ਹਿੰਸਕ ਇਰਾਦਿਆਂ ਖਿਲਾਫ ਸ਼ਾਂਤੀ ਬਣਾਈ ਰੱਖਣ ਦਾ ਸੰਦੇਸ਼ ਦਿੱਤਾ ਹੈ। ਕਿਸਾਨ ਆਗੂਆਂ ਨੇ ਕੰਡੇਲਾ ਦੀ ਇਤਿਹਾਸਕ ਮਹਾਂਪੰਚਾਇਤ ਵਿਚ 26 ਜਨਵਰੀ ਨੂੰ ਹਿਰਾਸਤ ਵਿਚ ਲਏ ਗਏ ਕਿਸਾਨਾਂ ਦੀ ਤੁਰੰਤ ਰਿਹਾਈ ਦੇ ਨਾਲ ਤਿੰਨ ਕਾਲੇ ਖੇਤੀ ਕਨੂੰਨਾਂ ਦੀ ਵਾਪਸੀ, ਐਮ ਐਸ ਪੀ ਗਾਰੰਟੀ ਕਨੂੰਨ ਤੋ ਘੱਟ ਕੁਝ ਵੀ ਮਨਜੂਰ ਨਾ ਹੋਣ ਦਾ ਆਪਣੇ ਸੰਘਰਸ਼ ਦਾ ਅਹਿਦਨਾਮਾ ਮੁੜ ਦੁਹਰਾਇਆ ਹੈ। 6 ਫਰਵਰੀ ਤਿੰਨ ਘੰਟੇ ਦੀ ਆਵਾਜਾਈ ਠੱਪ ਕੀਤੇ ਜਾਣ ਦੀ ਸਫਲਤਾ ਉਪਰੰਤ ਸਰਕਾਰ ਨੂੰ ਇਹ ਸੰਦੇਸ਼ ਪਹੁੰਚਾਉਣ ਵਿਚ ਸਫਲਤਾ ਹਾਸਲ ਕੀਤੀ ਹੈ ਕਿ ਉਹ ਆਪਣੇ ਸੰਘਰਸ਼ ਨੂੰ ਪੜਾਅਵਾਰ ਅੱਗੇ ਵਧਾਉਣ ਲਈ ਵਚਨਬੱਧ ਹਨ। ਇਸੇ ਦੌਰਾਨ ਸੰਸਦ ਦੇ ਬਜਟ ਸੈਸ਼ਨ ਵਿਚ ਵਿਰੋਧੀ ਧਿਰਾਂ ਦੇ ਮੈਂਬਰਾਂ ਵੱਲੋ ਸਰਕਾਰ ਨੂੰ ਸਖਤੀ ਨਾਲ ਘੇਰਿਆ ਜਾ ਰਿਹਾ ਹੈ। ਵਿਰੋਧੀ ਧਿਰਾਂ ਦੇ ਦਬਾਅ ਉਪਰੰਤ ਸਰਕਾਰ ਖੇਤੀ ਕਨੂੰਨਾਂ ਉਪਰ ਬਹਿਸ ਲਈ ਸਹਿਮਤ ਹੋਈ ਹੈ। ਹੱਲੇ ਗੁੱਲੇ ਵਾਲੀ ਇਸ ਬਹਿਸ ਦੌਰਾਨ ਵਿਰਧੀ ਧਿਰ ਦੇ ਸਾਂਸਦਾਂ ਵਲੋ ਰੱਖੀਆਂ ਗਈਆਂ ਦਲੀਲਾਂ ਨੇ ਕਾਫੀ ਹੱਦ ਸਰਕਾਰ ਦੇ ਝੂਠ ਨੂੰ ਨੰਗਾ ਕੀਤਾ ਹੈ। ਵਿਰੋਧੀ ਧਿਰਾਂ ਦੇ ਮੁੱਖ ਬੁਲਾਰਿਆਂ ਵਿਚ ਸੀਨੀਅਰ ਆਗੂ ਗੁਲਾਮ ਨਬੀ ਆਜਾਦ, ਦਿਗਵਿਜੇ ਸਿੰਘ, ਪ੍ਰੋ ਮਨੋਜ ਕੁਮਾਰ ਝਾਅ, ਰਾਮਪਾਲ ਯਾਦਵ, ਸੰਜੇ ਰਾਓਤ, ਪ੍ਰਤਾਪ ਸਿੰਘ ਬਾਜਵਾ, ਬਲਵਿੰਦਰ ਸਿੰਘ ਭੂੰਦੜ, ਸੰਜੇ ਸਿੰਘ ਤੇ ਕੁਝ ਹੋਰ ਆਗੂਆਂ ਵੱਲੋ ਸਰਕਾਰ ਦੇ ਪਰਖਚੇ ਉਡਾਉਂਦੇ ਭਾਸ਼ਨਾਂ ਦੀ ਗੂੰਜ ਹਰ ਪਾਸੇ ਸੁਣਾਈ ਦਿੱਤੀ ਹੈ। ਇਹਨਾਂ ਸਾਂਸਦਾਂ ਵੱਲੋ ਜਿਥੇ ਖੇਤੀ ਕਨੂੰਨਾਂ ਨੂੰ ਕਿਸਾਨੀ ਦੇ 'ਡੈਥ ਵਾਰੰਟ' ਦੱਸਿਆ ਗਿਆ, ਉਥੇ ਸਰਕਾਰ ਵਲੋ ਕਾਰਪੋਰੇਟ ਕੰਪਨੀਆਂ ਤੇ ਧਨਾਢਾਂ ਦੀ ਬੇਸ਼ਰਮੀ ਨਾਲ ਤਰਫਦਾਰੀ ਕੀਤੇ ਜਾਣ ਦੀ ਜਿਦ ਪੁਗਾਉਣ ਨੂੰ ਭਾਰਤੀ ਲੋਕਤੰਤਰ ਲਈ ਵੱਡਾ ਖਤਰਾ



ਕਰਾਰ ਦਿੱਤਾ ਗਿਆ ਹੈ। ਸਰਕਾਰ ਵਲੋ ਇਕ ਸਾਜਿਸ਼ੀ ਢੰਗ ਨਾਲ ਲਾਲ ਕਿਲੇ ਦੀ ਘਟਨਾ ਨੂੰ ਵੱਡਾ ਹਊਆ ਬਣਾਕੇ ਪੇਸ਼ ਕਰਨਾ ਅਤੇ ਕਿਸਾਨਾਂ ਨੂੰ ਰਾਸ਼ਟਰ ਵਿਰੋਧੀ ਸਾਬਿਤ ਕਰਨ ਦਾ ਟਿਲ ਲਗਾਉਣਾ ਭਾਰਤੀ ਜਮਹੂਰੀਅਤ ਨੂੰ ਦਾਗਦਾਰ ਕਰਨ ਦੇ ਤੁਲ ਹੈ। ਵਿਰੋਧੀ ਧਿਰਾਂ ਦੇ ਸਾਂਸਦਾਂ ਦੁਆਰਾ ਦੇਸ਼ ਦੇ ਕਿਸਾਨ ਅਤੇ ਕਿਰਸਾਨੀ ਦੇ ਹਿੱਤ ਵਿਚ ਇਕਮੁਠਤਾ ਪ੍ਰਗਟਾਉਂਦਿਆਂ ਇਹਨਾਂ ਕਨੂੰਨਾਂ ਨੂੰ ਰੱਦ ਕੀਤੇ ਜਾਣ ਉਪਰ ਜੋਰ ਪਾਇਆ ਜਾ ਰਿਹਾ ਹੈ। ਪਰ ਰਾਜ ਸਭਾ ਵਿਚ ਬਹਿਸ ਦੌਰਾਨ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਤੋ ਖੇਤੀ ਕਨੂੰਨਾਂ ਉਪਰ ਜਵਾਬ ਦੀ ਜੋ ਉਮੀਦ ਕੀਤੀ ਜਾਂਦੀ ਸੀ, ਉਸਦੇ ਉਲਟ ਉਹਨਾਂ ਦੇ ਬਿਆਨ ਨੇ ਵੱਡੀ ਨਿਰਾਸ਼ਾ ਪੱਲੇ ਪਾਈ ਹੈ। ਉਹਨਾਂ ਸੰਸਦ ਵਿਚ ਖੇਤੀ ਕਨੂੰਨਾਂ ਦਾ ਵਿਰਧ ਕਰ ਰਹੇ ਕਿਸਾਨਾਂ ਦੇ ਨਾਲ ਵਿਰਧੀ ਸਾਂਸਦਾਂ ਦਾ ਵੀ ਮਜ਼ਾਕ ਉਡਾਉਣ ਦੀ ਕੋਈ ਕਸਰ ਨਹੀ ਛੱਡੀ। ਉਹਨਾਂ ਦਾ ਤਨਜ਼ ਭਰਿਆ ਅੰਦਾਜ਼ ਕਿ "ਸਭ ਕਹਿ ਰਹੇ ਕਿ ਯੇਹ ਕਾਲੇ ਕਨੂੰਨ ਹੈਂ ਪਰ ਕੋਈ ਯੇਹ ਤੋ ਬਤਾਏਂ ਕਿ ਇਨਮੇਂ ਕਾਲਾ ਕਿਆ ਹੈ।" ਉਹਨਾਂ ਆਪਣੀ ਗੱਲ ਨੂੰ ਹੋਰ ਵਜ਼ਨਦਾਰ ਬਣਾਉਣ ਦੇ ਯਤਨ ਤਹਿਤ ਸੰਸਦ ਨੂੰ ਦੱਸਿਆ ਕਿ ਉਹ ਅੰਦੋਲਨਕਾਰੀ ਕਿਸਾਨਾਂ ਨਾਲ 12 ਮੀਟਿੰਗਾਂ ਕਰ ਚੁੱਕੇ ਹਨ ਤੇ ਇਹ ਸਵਾਲ ਕਿਸਾਨ ਆਗੂਆਂ ਨੂੰ ਵੀ ਕਰਦੇ ਰਹੇ ਹਨ ਪਰ ਕਿਸੇ ਕੋਲ ਇਸਦਾ ਜਵਾਬ ਨਹੀਂ ਸੀ। ਉਹਨਾਂ ਆਪਣੇ ਭਾਸ਼ਨ ਦੌਰਾਨ ਸਰਕਾਰ ਵਲੋ ਲਿਆਂਦੇ ਕਨੂੰਨ ਨੂੰ ਕਿਸਾਨਾਂ ਦੇ ਭਲੇ ਹਿੱਤ ਕਰਾਰ ਦਿੰਦਿਆਂ ਇਹ ਚਿਚੜੀ ਛੇੜਨ ਤੋ ਗੁਰੇਜ ਨਹੀ ਕੀਤਾ ਕਿ ਕੇਵਲ ਤੇ ਕੇਵਲ ਇਕ ਰਾਜ ਦੇ ਕਿਸਾਨ ਭਾਵ ਪੰਜਾਬ ਦੇ ਕਿਸਾਨਾਂ ਨੂੰ ਹੀ ਇਹਨਾਂ ਤੋ ਤਕਲੀਫ ਹੈ। ਉਹਨਾਂ ਵਲੋ ਹੀ ਪੂਰੇ ਦੇਸ਼ ਦੇ ਕਿਸਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਖੁੱਸ ਜਾਣਗੀਆਂ। ਉਹਨਾਂ ਮੋਦੀ ਸਰਕਾਰ ਦੇ ਕਿਸਾਨਾਂ ਦੀ ਭਲਾਈ ਹਿੱਤ ਸਮਰਪਣ ਹੋਣ ਉਪਰ ਬੱਲ ਦਿੰਦਿਆਂ ਪੰਜਾਬ ਸਰਕਾਰ ਨੂੰ ਵੀ ਕਟਹਿਰੇ ਵਿਚ ਖੜਾ ਕਰਨ ਦਾ ਯਤਨ ਕੀਤਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਕਿਸਾਨਾਂ ਦੇ ਖਿਲਾਫ ਕੰਟਰੈਕਟ ਖੇਤੀ ਦਾ ਅਜਿਹਾ ਕਨੂੰਨ ਲਿਆ ਚੁੱਕੀ ਹੈ ਜਿਸ ਤਹਿਤ ਕੰਟਰੈਕਟ ਤੋੜਨ ਵਾਲੇ ਕਿਸਾਨ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦੀ ਵਿਵਸਥਾ ਹੈ। ਸ਼ਾਇਦ ਉਹਨਾਂ ਆਪਣੇ ਭਾਸ਼ਨ ਦੌਰਾਨ ਪੰਜਾਬ ਦੇ ਕਿਸਾਨਾਂ ਨੂੰ ਦੇਸ਼ ਤੋ ਅਲਗ ਥਲਗ ਪਾਉਣ ਦੀ ਕੋਝੀ ਰਣਨੀਤੀ ਦਾ ਵੀ ਖੁਲਾਸਾ ਕਰ ਦਿੱਤਾ।



ਖੇਤੀ ਮੰਤਰੀ ਦੇ ਇਸ ਬਿਆਨ ਦਾ ਕਿਸਾਨ ਜਥੇਬੰਦੀਆਂ ਵਲੋ ਤਿੱਖਾ ਵਿਰੋਧ ਕਰਦਿਆਂ ਸੰਸਦ ਨੂੰ ਗੁੰਮਰਾਹ ਕੀਤੇ ਜਾਣ ਦੇ ਦੋਸ਼ ਲਗਾਏ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਸਰਕਾਰ ਨਾਲ ਮੀਟਿੰਗਾਂ ਦੌਰਾਨ ਤੱਥਾਂ ਸਹਿਤ ਪੇਸ਼ ਕਰ ਚੁੱਕੇ ਹਨ ਕਿ ਇਹਨਾਂ ਵਿਚ ਕਾਲਾ ਕੀ ਹੈ। ਇਸਨੂੰ ਸਰਕਾਰ ਦੀ ਬੇਈਮਾਨੀ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ। ਉਧਰ ਪ੍ਰਧਾਨ ਮੰਤਰੀ ਨੇ ਵੀ ਖੇਤੀ ਮੰਤਰੀ ਦੇ ਭਾਸ਼ਨ ਦੀ ਤਾਰੀਫ ਕੀਤੀ ਹੈ ਤੇ ਇਸ ਭਾਸ਼ਨ ਨੂੰ ਜਨ -ਜਨ ਤੱਕ ਪਹੁੰਚਾਉਣ ਦੀ ਅਪੀਲ ਕੀਤੀ ਹੈ। ਜਿਸਤੋਂ ਦੇਸ਼ ਦੀ ਕਿਸਾਨੀ ਖਿਲਾਫ ਇਸ ਸਾਜਿਸ਼ ਵਿਚ ਪ੍ਰਧਾਨ ਮੰਤਰੀ ਦੀ ਵੀ ਸ਼ਮੂਲੀਅਤ ਵੀ ਸਮਝੀ ਜਾ ਸਕਦੀ ਹੈ। ਇਸਤੋ ਪਹਿਲਾਂ ਪ੍ਰਧਾਨ ਮੰਤਰੀ ਲਾਲ ਕਿਲੇ ਦੀ ਘਟਨਾ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਇਹ ਕਹਿ ਚੁੱਕੇ ਹਨ ਕਿ ਉਹਨਾਂ ਨੂੰ ਤਿਰੰਗੇ ਦੇ ਅਪਮਾਨ ਦਾ ਬਹੁਤ ਦੁਖ ਹੈ। ਪ੍ਰਧਾਨ ਮੰਤਰੀ ਦੇ ਇਸ ਪ੍ਰਤੀਕਰਮ ਨੂੰ ਮੁਲਕ ਵਿਚ ਸੰਪਰਦਾਇਕ ਨਫਰਤ ਵਧਾਉਣ ਅਤੇ ਸਿੱਖ ਕਿਸਾਨਾਂ ਨੂੰ ਬਦਨਾਮ ਕੀਤੇ ਜਾਣ ਦੀ ਸਾਜਿਸ਼ ਦੇ ਹਿੱਸੇ ਵਜੋ ਹੀ ਸਮਝਣ ਦੀ ਲੋੜ ਹੈ। ਸੋਚਿਆ ਜਾ ਸਕਦਾ ਹੈ ਕਿ ਜਦੋ ਪ੍ਰਧਾਨ ਮੰਤਰੀ ਅਤੇ ਉਸਦੇ ਮੰਤਰੀ ਆਪਣੇ ਮੁਲਕ ਦੇ ਲੋਕਾਂ ਖਿਲਾਫ ਹੀ ਅਜਿਹੀ ਸਾਜਿਸ਼ ਦਾ ਹਿੱਸਾ ਬਣ ਸਕਦੇ ਹਨ ਤਾਂ ਉਥੇ ਇਨਸਾਫ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ?

ਕਿਸਾਨ ਅੰਦੋਲਨ ਪ੍ਰਤੀ ਸਰਕਾਰ ਦਾ ਸੰਸਦ ਦੇ ਅੰਦਰ ਅਤੇ ਬਾਹਰ ਜੋ ਵਿਵਹਾਰ ਹੈ, ਉਸਤੋ ਕਿਹਾ ਜਾ ਸਕਦਾ ਹੈ ਕਿ ਸਰਕਾਰ ਨੇ ਕਿਸਾਨਾਂ ਨਾਲ ਟਕਰਾਅ ਵਾਲਾ ਰਾਹ ਅਖਤਿਆਰ ਕਰਨ ਦਾ ਫੈਸਲਾ ਕਰ ਲਿਆ ਹੈ। ਸ਼ਾਇਦ ਸਰਕਾਰ ਦੇ ਇਸੇ ਰਵੱਈਏ ਨੂੰ ਭਾਂਪਦਿਆਂ ਹੀ ਕਿਸਾਨ ਆਗੂ ਟਿਕੈਤ ਦਾ ਕਹਿਣਾ ਹੈ ਕਿ ਇਹ ਅੰਦੋਲਨ ਲੰਬਾ ਚੱਲੇਗਾ।

ਸਰਕਾਰ ਨੂੰ ਵੀ ਅੰਦੋਲਨ ਦੇ ਲੰਬਾ ਖਿੱਚਣ ਵਿਚ ਹੱਲ ਨਜ਼ਰ ਆ ਰਿਹਾ ਹੈ? ਖੁਫੀਆ ਏਜੰਸੀਆਂ ਰਾਹੀਂ ਅੰਦੋਲਨ ਨੂੰ ਤੋੜਨ ਲਈ ਸਰਗਰਮ ਹਨ। 26 ਜਨਵਰੀ ਦੀ ਘਟਨਾ ਉਪਰੰਤ ਭਾਵੇਂਕਿ ਅੰਦੋਲਨ ਦੀ ਅਗਵਾਈ ਪੰਜਾਬ ਤੋ ਬਾਹਰ ਯੂ ਪੀ ਦੇ ਜਾਟ ਨੇਤਾ ਦੇ ਹੱਥ ਚਲੀ ਗਈ ਹੈ ਪਰ ਅੰਦੋਲਨ ਦੀਆਂ ਵੱਖ- ਵੱਖ ਧਿਰਾਂ ਵਿਚਾਲੇ ਏਕਤਾ ਨੂੰ ਭੰਗ ਕਰਨ ਲਈ ਖੁਫੀਆ ਏਜੰਸੀਆਂ ਕੋਈ ਨਵੀ ਚਾਲ ਚੱਲਣ ਦੀ ਫਿਰਾਕ ਵਿਚ ਹਨ। ਸ਼ਾਇਦ ਖੁਫੀਆ ਏਜੰਸੀਆਂ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਤੋ ਉਤਸ਼ਾਹਿਤ ਹੋ ਕੇ ਹੀ ਖੇਤੀ ਮੰਤਰੀ ਕਹਿ ਰਹੇ ਹਨ "ਹਮੇ ਬਤਾਓ ਇਨ ਕਨੂੰਨਾਂ ਮੇ ਕਾਲਾ ਕਿਆ ਹੈ?" ਕਿਹਾ ਜਾ ਸਕਦਾ ਹੈ ਕਿ ਇਹਨਾਂ ਕਨੂੰਨਾਂ ਨੂੰ ਹਰ ਹਰਬੇ ਲਾਗੂ ਕਰਨ ਲਈ ਸਰਕਾਰ ਦੀ ਨੀਅਤ ਹੀ ਕਾਲੀ ਹੈ।

ਸਰਕਾਰ ਆਪਣੀ ਨੀਅਤ ਪਹਿਲਾਂ ਵੀ ਸੁਪਰੀਮ ਕੋਰਟ ਦੇ ਦਖਲ ਰਾਹੀ ਜ਼ਾਹਰ ਕਰ ਚੁੱਕੀ ਹੈ। ਸੁਪਰੀਮ ਕੋਰਟ 12 ਜਨਵਰੀ ਨੂੰ ਖੇਤੀ ਕਨੂੰਨਾਂ ਉਪਰ ਆਰਜੀ ਰੋਕ ਲਗਾਕੇ ਕਮੇਟੀ ਗਠਿਤ ਕਰ ਚੁੱਕੀ ਹੈ ਜਿਸਨੇ ਦੋ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰਨੀ ਹੈ। ਇਕ ਕਮੇਟੀ ਮੈਂਬਰ ਵਲੋ ਕਿਨਾਰਾ ਕਰ ਲਏ ਜਾਣ ਅਤੇ ਕਿਸਾਨਾਂ ਵਲੋ ਕਮੇਟੀ ਨੂੰ ਮਾਨਤਾ ਨਾ ਦਿੱਤੇ ਜਾਣ ਦੇ ਬਾਵਜੂਦ ਕਮੇਟੀ ਦੇ ਸਰਕਾਰ ਪੱਖੀ ਤਿੰਨ ਮੈਂਬਰ ਆਪਣੇ ਕੰਮ ਵਿਚ ਜੁੱਟੇ ਹੋਏ ਹਨ। ਇਹਨਾਂ ਮੈਬਰਾਂ ਤੋ ਮਨਇੱਛਤ ਰਿਪੋਰਟ ਉਪਰੰਤ ਸਰਕਾਰ ਸੁਪਰੀਮ ਕੋਰਟ ਦੇ ਅਚੁੱਕ ਹਥਿਆਰ ਨਾਲ ਸੱਸਜਿਤ ਹੋ ਜਾਵੇਗੀ। ਇਸ ਉਪਰੰਤ ਸਥਿਤੀ ਜੋ ਵੀ ਹੋਵੇਗੀ ਉਸ ਬਾਰੇ ਚਿੰਤਾ ਕਰਨੀ ਬਣਦੀ ਹੈ।

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"


HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

HARDEV SINGH GREWAL
Mortgage Consultant
Cell: 604-500-3920

KULDIP S PANESAR
Senior Mortgage Advisor
Cell: 604-308-6839

# ਮੋਦੀ ਸਰਕਾਰ ਹੈ-ਹਮ ਦੋ ਹਮਾਰੇ ਦੋ-ਰਾਹੁਲ ਗਾਂਧੀ

## ਸੰਸਦ ਵਿਚ ਸ਼ਹੀਦ ਕਿਸਾਨਾਂ ਨੂੰ ਮੌਨ ਰੱਖਕੇ ਸ਼ਰਧਾਂਜਲੀ ਦਿੱਤੀ


ਨਵੀਂ ਦਿੱਲੀ-ਲੋਕ ਸਭਾ ਵਿੱਚ ਕੇਂਦਰੀ ਬਜਟ 'ਤੇ ਬਹਿਸ ਦੌਰਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਸਾਨ ਅੰਦੋਲਨ ਦਾ ਮੁੱਦਾ ਉਠਾਉਂਦਿਆਂ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ 200 ਕਿਸਾਨਾਂ ਨੂੰ ਦੋ ਮਿੰਟ ਦਾਂ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ। ਇਸ ਮੌਕੇ ਕਾਂਗਰਸ, ਤ੍ਰਿਮੂਲ ਕਾਂਗਰਸ ਤੇ ਡੀ ਐੱਮ ਕੇ ਦੇ ਸੰਸਦ ਮੈਂਬਰਾਂ ਨੇ ਉਨ੍ਹਾਂ ਦਾ ਸਾਥ ਦਿੱਤਾ। ਰਾਹੁਲ ਨੇ ਕਿਹਾ ਕਿ ਸਰਕਾਰ ਵੱਲੋਂ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਨਾ ਕੀਤੇ ਜਾਣ ਕਰ ਕੇ ਉਨ੍ਹਾਂ ਨੂੰ ਇਹ ਕਦਮ ਉਠਾਉਣਾ ਪਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿਰਫ਼ ਚਾਰ ਲੋਕ ਦੇਸ਼ ਚਲਾ ਰਹੇ ਹਨ ਜਿਨ੍ਹਾਂ ਦੀ ਸੋਚ 'ਹਮ ਦੋ, ਹਮਾਰੇ ਦੋ' ਵਾਲੀ ਹੈ। ਉਨ੍ਹਾਂ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਜਿੱਥੇ ਦੇਸ਼ ਦੀ ਅਨਾਜ ਸੁਰੱਖਿਆ ਪ੍ਰਣਾਲੀ ਨੂੰ ਤਬਾਹ ਕਰ ਦੇਣਗੇ, ਉੱਥੇ ਹੀ ਕਿਸਾਨਾਂ ਦੀ ਰੀੜ੍ਹ ਦੀ ਹੱਡੀ ਵੀ ਤੋੜ ਦੇਣਗੇ। ਇਸ ਨਾਲ ਪੇਂਡੂ ਅਰਥਚਾਰੇ ਨੂੰ ਢਾਹ ਲੱਗੇਗੀ। ਇਸ ਦੌਰਾਨ ਉਹ ਲਗਾਤਾਰ ਖੇਤੀ ਕਾਨੂੰਨਾਂ ਬਾਰੇ ਬੋਲਦੇ ਰਹੇ ਜਿਸ ਦਾ ਭਾਜਪਾ ਦੇ ਸੰਸਦ ਮੈਂਬਰਾਂ ਵੱਲੋਂ ਵਿਰੋਧ ਕੀਤਾ ਗਿਆ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸਪੀਕਰ ਓਮ ਬਿਰਲਾ ਤੋਂ ਅਪੀਲ ਕੀਤੀ ਕਿ ਉਹ ਰਾਹੁਲ ਨੂੰ ਬਜਟ 'ਤੇ ਬੋਲਣ ਬਾਰੇ ਕਹਿਣ। ਜਦੋਂ ਸਪੀਕਰ ਨੇ ਰਾਹੁਲ ਨੂੰ ਬਜਟ 'ਤੇ ਬੋਲਣ ਬਾਰੇ ਕਿਹਾ ਤਾਂ ਕਾਂਗਰਸੀ ਆਗੂ ਨੇ ਕਿਹਾ ਕਿ ਉਹ ਸਿਰਫ਼ ਕਿਸਾਨਾਂ ਦੇ ਮੁੱਦੇ 'ਤੇ ਹੀ ਗੱਲ ਕਰਨਗੇ। ਕਾਂਗਰਸੀ ਆਗੂ ਨੇ ਕਿਹਾ ਕਿ ਇਹ ਕਾਨੂੰਨ ਸਨਅਤਕਾਰਾਂ ਨੂੰ ਬੇਅੰਤ ਅਨਾਜ ਖਰੀਦਣ ਅਤੇ ਜਮ੍ਹਾਂਖੋਰੀ ਦੀ ਇਜਾਜ਼ਤ ਦੇਣਗੇ। ਕਿਸਾਨ ਸੰਘਰਸ਼ ਨੂੰ ਆਪਣਾ ਸਮਰਥਨ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਸਿਰਫ਼ ਕਿਸਾਨਾਂ ਦਾ ਪ੍ਰਦਰਸ਼ਨ ਨਹੀਂ ਹੈ ਬਲਕਿ ਦੇਸ਼ ਦਾ ਇਕ ਅੰਦੋਲਨ ਹੈ ਅਤੇ ਸਰਕਾਰ ਨੂੰ ਤਿੰਨੋਂ ਕਾਨੂੰਨ ਰੱਦ ਕਰਨੇ ਪੈਣਗੇ। ਉਨ੍ਹਾਂ ਕਿਹਾ ਕਿ ਕਿਸਾਨ ਕਿਤੇ ਨਹੀਂ ਜਾ ਰਹੇ ਹਨ ਪਰ ਉਹ ਸਰਕਾਰ ਨੂੰ ਜ਼ਰੂਰ ਜੜ੍ਹੋਂ ਪੁੱਟ ਸੁੱਟਣਗੇ।






BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC


## ਫ਼ੌਜਾਂ ਪਿੱਛੇ ਹਟਾਉਣ ਲਈ ਭਾਰਤ-ਚੀਨ 'ਚ ਸਮਝੌਤਾ-ਰਾਜਨਾਥ ਸਿੰਘ

ਨਵੀਂ ਦਿੱਲੀ-ਪੂਰਬੀ ਲੱਦਾਖ 'ਚ ਭਾਰਤ ਅਤੇ ਚੀਨ ਦੀਆਂ ਫ਼ੌਜਾਂ ਵਿਚਕਾਰ ਪਿਛਲੇ 9 ਮਹੀਨਿਆਂ ਤੋਂ ਜਾਰੀ ਜਮੂਦ ਨੂੰ ਤੋੜਨ 'ਚ ਕਾਮਯਾਬੀ ਮਿਲ ਗਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਰਾਜ ਸਭਾ 'ਚ ਦੱਸਿਆ ਕਿ ਪੂਰਬੀ ਲੱਦਾਖ 'ਚ ਪੈਂਗੌਂਗ ਝੀਲ ਦੇ ਉੱਤਰੀ ਅਤੇ ਦੱਖਣੀ ਕੰਢਿਆਂ ਤੋਂ ਫ਼ੌਜਾਂ ਪਿੱਛੇ ਹਟਾਉਣ ਲਈ ਭਾਰਤ ਅਤੇ ਚੀਨ ਸਮਝੌਤੇ 'ਤੇ ਪਹੁੰਚ ਗਏ ਹਨ। ਸਮਝੌਤੇ ਤਹਿਤ ਦੋਵੇਂ ਮੁਲਕ ਆਪਣੀਆਂ ਫ਼ੌਜਾਂ ਤਾਇਨਾਤ ਕਰਨਾ ਬੰਦ ਕਰ ਦੇਣਗੇ ਅਤੇ ਪੜਾਅਵਾਰ ਫ਼ੌਜਾਂ ਨੂੰ ਪਿੱਛੇ ਹਟਾਉਣਾ ਸ਼ੁਰੂ ਕਰਨਗੇ ਜਿਸ ਦੀ ਤਸਦੀਕ ਵੀ ਕੀਤੀ ਜਾਵੇਗੀ। ਸਮਝੌਤੇ ਦੇ ਵੇਰਵੇ ਸਾਂਝੇ ਕਰਦਿਆਂ ਰਾਜਨਾਥ ਸਿੰਘ ਨੇ ਰਾਜ ਸਭਾ ਨੂੰ ਭਰੋਸਾ ਦਿੱਤਾ ਕਿ ਭਾਰਤ ਨੇ ਚੀਨ ਨਾਲ ਵਾਰਤਾ ਦੌਰਾਨ ਕੁਝ ਵੀ ਨਹੀਂ ਗੁਆਇਆ ਹੈ। ਉਨ੍ਹਾਂ ਕਿਹਾ,"ਭਾਰਤ ਕਿਸੇ ਨੂੰ ਵੀ ਆਪਣੀ ਇਕ ਇੰਚ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਈ ਖੁੱਲ੍ਹ ਨਹੀਂ ਦੇਵੇਗਾ।" ਰੱਖਿਆ ਮੰਤਰੀ ਨੇ ਕਿਹਾ ਕਿ ਸਮਝੌਤਾ ਲਾਗੂ ਹੋਣ ਨਾਲ ਪਿਛਲੇ ਸਾਲ 5 ਮਈ ਤੋਂ ਪਹਿਲਾਂ ਵਾਲੇ ਹਾਲਾਤ ਬਹਾਲ ਹੋ ਜਾਣਗੇ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਇਸ ਗੱਲ ਲਈ ਰਾਜ਼ੀ ਹਨ ਕਿ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਦਾ ਪੂਰੀ ਤਰ੍ਹਾਂ ਨਾਲ ਪਾਲਣ ਕਰਦਿਆਂ ਛੇਤੀ ਤੋਂ ਛੇਤੀ ਫ਼ੌਜਾਂ ਪਿੱਛੇ ਹਟਾਈਆਂ ਜਾਣ। ਚੀਨ ਵੱਲੋਂ ਫ਼ੌਜਾਂ ਪਿੱਛੇ ਹਟਾਉਣ ਦਾ ਅਮਲ ਸ਼ੁਰੂ ਕੀਤੇ ਜਾਣ ਦਾ ਐਲਾਨ ਕਰਨ ਦੇ ਇਕ ਦਿਨ ਬਾਅਦ ਹੀ ਉਪਰਲੇ ਸਦਨ 'ਚ ਬਿਆਨ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਦੋਵੇਂ ਮੁਲਕ ਉੱਤਰੀ ਅਤੇ ਦੱਖਣੀ ਕੰਢਿਆਂ 'ਤੇ ਪਿਛਲੇ ਸਾਲ ਅਪਰੈਲ ਤੋਂ ਬਣਾਏ ਗਏ ਢਾਂਚਿਆਂ ਨੂੰ ਹਟਾਉਣ ਲਈ ਵੀ ਸਹਿਮਤ ਹੋ ਗਏ ਹਨ। ਇਸ ਤੋਂ ਇਲਾਵਾ ਆਪਣੇ ਇਲਾਕਿਆਂ 'ਚ ਗਸ਼ਤ ਸਮੇਤ ਹੋਰ ਫ਼ੌਜੀ ਸਰਗਰਮੀਆਂ ਨੂੰ ਆਰਜ਼ੀ ਤੌਰ 'ਤੇ ਰੋਕਣ ਦਾ ਵੀ ਫ਼ੈਸਲਾ ਲਿਆ ਗਿਆ ਹੈ।




MORTGAGES + PRIVATE LOANS
BUY, SELL & MORTGAGE WITH US & RECEIVE UP TO $20,000* CASH BACK OR DISCOUNT
SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$

BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



BLACK & WHITE AUTO BODY PAINT
ICBC c.a.r. shop VALET
Accredited Collision Repairs & Valet Service

ਹਰ ਵੱਡੀ ਤੇ ਛੋਟੀ ਜੌਬ ਕਰਦੇ ਹਾਂ!
ਪੁਸ਼ਪਿੰਦਰ 604.720.3511
ਪ੍ਰਿੰਸ 604.366-6474
• ਆਟੋ ਗਲਾਸ ਵੀ ਬਦਲਦੇ ਹਾਂ
• ਕੰਪਲੀਟ ਬਾਡੀ ਰਿਪੇਅਰ ਅਤੇ ਪੇਂਟ
• ICBC ਅਤੇ ਪ੍ਰਾਈਵੇਟ ਕਲੇਮ
#16B-7823-132nd St., Surrey
Off: 604.503.0988
Fax: 604.503.0989 • Email: blackandwhiteauto@ymail.com

# ਲਾਲ ਕਿਲ੍ਹਾ ਹਿੰਸਾ ਕਾਂਡ ਦੀਪ ਸਿੱਧੂ ਦੇ ਬਾਅਦ ਉਸ ਦੀ ਗਰਲ ਫਰੈਂਡਵੀ ਰਾਡਾਰ ਹੇਠ ਆਈ

ਨਵੀਂ ਦਿੱਲੀ-ਬੀਤੀ 26 ਜਨਵਰੀ ਨੂੰ ਲਾਲ ਕਿਲ੍ਹੇਦੀ ਘਟਨਾ ਦੇ ਬਾਰੇ ਇਸ ਸੋਮਵਾਰ ਦੇਰ ਰਾਤ ਗ੍ਰਿਫ਼ਤਾਰ ਕੀਤੇ ਗਏ ਪੰਜਾਬੀ ਐਕਟਰ ਦੀਪ ਸਿੱਧੂ ਤੋਂ ਬੁੱਧਵਾਰ ਚਾਣਕਿਆਪੁਰੀ ਵਿੱਚ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਦੇ ਇੰਟਰ ਸਟੇਟ ਦਫਤਰ ਵਿੱਚ ਆਈਬੀ ਦੇ ਡਿਪਟੀ ਡਾਇਰੈਕਟਰ ਪੱਧਰ ਦੇ ਅਧਿਕਾਰੀਆਂ ਤੇ ਕ੍ਰਾਈਮ ਬ੍ਰਾਂਚ ਦੇ ਸੀਨੀਅਰ ਅਧਿਕਾਰੀਆਂ ਨੇ ਕਰੀਬ ਅੱਠ ਘੰਟੇ ਪੁੱਛਗਿੱਛ ਕੀਤੀ। ਇਸ ਦੌਰਾਨ ਦੀਪ ਸਿੱਧੂ ਤੋਂ ਖਾਸ ਤੌਰ ਉੱਤੇ ਅਮਰੀਕਾ ਦੇ ਸਾਨ ਫ੍ਰਾਂਸਿਸਕੋ ਵਿੱਚ ਰਹਿਣ ਵਾਲੀ ਉਸਦੀ ਗਰਲ ਫਰੈਂਡ ਤੇ ਪੰਜਾਬੀ ਐਕਟਰੈੱਸ ਰੀਨਾ ਰਾਏ ਦੇ ਬਾਰੇ ਵੀ ਪੁੱਛਗਿੱਛ ਕੀਤੀ ਗਈ, ਜਿਸ ਨਾਲ ਉਹ ਵੀ ਰਾਡਾਰ ਹੇਠ ਆ ਗਈ ਹੈ। ਪਤਾ ਲੱਗਾ ਹੈ ਕਿ ਦੀਪ ਦੇ ਫੇਸਬੁੱਕ ਅਕਾਊਂਟ ਉੱਤੇ ਵੀਡੀਓ ਰੀਨਾ ਰਾਏ ਅਪਲੋਡ ਕਰਦੀ ਸੀ। ਕ੍ਰਾਈਮ ਬ੍ਰਾਂਚ ਉਸ ਨੂੰ ਵੀ ਪੁੱਛਗਿੱਛਲਈ ਨੋਟਿਸ ਭੇਜਣ ਵਾਲੀ ਹੈ। ਪੁਲਿਸ ਦੇ ਮੁਤਾਬਕ ਦੀਪ ਸਿੱਧੂ ਨੇ ਕਿਹਾ ਕਿ ਬਿਹਾਰ ਦੇ ਪੂਰਣੀਆ ਵਿੱਚ ਰੂਪਵਾਨੀ ਸਿਨੇਮਾ ਮਾਲਕ ਦੇ ਪਰਿਵਾਰ ਵਿੱਚ ਉਸਦਾ ਵਿਆਹ ਹੋਇਆ ਹੈ ਤੇ ਉਸਦੀ ਪਤਨੀ ਉੱਥੇ ਰਹਿੰਦੀ ਹੈ। ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ 12 ਦਿਨ ਫਰਾਰ ਰਹਿਣ ਦੇ ਦੌਰਾਨ ਉਹ ਪੰਜਾਬ ਵਿੱਚ ਆਪਣੇ ਦੋਸਤਾਂ ਦੇ ਘਰਾਂ ਵਿੱਚ ਲੁਕਿਆ ਸੀ। ਉਸ ਨੇ ਦੱਸਿਆ ਕਿ ਪੰਜਾਬ ਦੀ ਰੀਨਾ ਨਾਲ ਉਸਨੇ ਇਕ ਫਿਲਮ ਵਿੱਚ ਐਕਟਿੰਗ ਕੀਤੀ ਸੀ, ਦੋਂ ਤੋਂ ਉਸ ਨਾਲ ਦੋਸਤੀ ਹੈ ਅਤੇ ਉਹ ਅੱਜਕੱਲ੍ਹ ਸਾਨ ਫ੍ਰਾਂਸਿਸਕੋ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਜਦੋਂ ਦੀਪ ਸਿੱਧੂ ਫਰਾਰ ਸੀ, ਉਸ ਦੌਰਾਨ ਉਸ ਦਾ ਫੇਸਬੁੱਕ ਅਕਾਊਂਟ ਦੋ ਮੋਬਾਈਲ ਫੋਨ ਤੋਂ ਅਪਡੇਟ ਕੀਤਾ ਜਾਂਦਾ ਰਿਹਾ ਸੀ, ਇਕ ਦੀਪ ਦੇ ਆਪਣੇ ਮੋਬਾਈਲ ਫੋਨ ਤੋਂ ਅਤੇ ਦੂਸਰਾ ਉਸਦੀ ਗਰਲ ਫਰੈਂਡ ਦੇ ਰਾਹੀਂ।



ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ ਦੀਪ ਸਿੱਧੂਅਤੇ ਉਸਦੀ ਪਤਨੀ ਅਤੇ ਕਈ ਕਰੀਬੀ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਮੋਬਾਈਲ ਫੋਨ ਸਰਵਿਲਾਂਸ ਉੱਤੇਲਾਏ ਸਨ ਅਤੇ ਫੇਸਬੁੱਕ ਦੇ ਆਈਪੀ ਅਡਰੈੱਸ ਤੋਂ ਪੁਲਿਸ ਨੂੰ ਪਤਾ ਲੱਗਾ ਸੀ ਕਿ ਦੀਪ ਦਾ ਅਕਾਊਂਟ ਸਾਨ ਫ੍ਰਾਂਸਿਸਕੋ ਤੋਂ ਅਪਡੇਟ ਹੁੰਦਾ ਹੈ। ਦੀਪ ਤਿੰਨ-ਚਾਰ ਦੋਸਤਾਂ ਦੇ ਮੋਬਾਈਲ ਤੋਂ ਵੀਡੀ? ਬਣਾ ਕੇ ਰੀਨਾ ਨੂੰ ਭੇਜ ਦਿੰਦਾ ਸੀ ਅਤੇ ਰੀਨਾ ਅੱਗੇ ਉਹ ਵੀਡੀ? ਅਪਲੋਡ ਕਰਦਿੰਦੀ ਸੀ। ਪੰਜ ਦਿਨ ਪਹਿਲਾਂਦੀਪ ਨੇ ਜਦੋਂ ਕਰਨਾਲ ਤੋਂ ਰੀਨਾ ਨੂੰ ਵੀਡੀ? ਭੇਜਿਆ ਤਾਂ ਉਸ ਦੀ ਲੋਕੇਸ਼ਨ ਦਾ ਪਤਾ ਲੱਗ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਪੁੱਛਗਿੱਛ ਦੌਰਾਨ ਦੀਪ ਸਿੱਧੂ ਨੇ ਕਿਹਾ ਕਿ ਉਹ ਪੁਲਿਸ ਤੋਂ ਬਚਣ ਲਈ ਨਹੀਂ ਭੱਜ ਰਿਹਾ ਸੀ, ਬਲਕਿ ਲਾਲ ਕਿਲ੍ਹੇ ਉੱਤੇ ਝੰਡਾ ਝੁਲਾਉਣ ਦੇ ਬਾਅਦ ਉਸਨੂੰ ਆਪਣੀ ਜਾਨ ਦਾ ਖਤਰਾ ਲੱਗਦਾ ਸੀ। ਉਸਨੂੰ ਡਰ ਸੀ ਕਿ ਕੋਈ ਉਸ ਦੀ ਹੱਤਿਆ ਨਾ ਕਰ ਦੇਵੇ। ਉਸਨੂੰ ਕਿਸ ਤੋਂ ਜਾਨ ਦਾ ਖਤਰਾ ਹੈ, ਇਸ ਦੇ ਜਵਾਬ ਵਿੱਚ ਉਹ ਕੋਈ ਨਾਂ ਨਹੀਂ ਦੱਸ ਸਕਿਆ। ਉਸਨੇ ਕਿਹਾ ਕਿ ਬਾਰਡਰ ਉੱਤੇ ਪੁਲਿਸ ਦੀ ਸਖਤੀ ਕਾਰਨ ਉਹ ਛੋਟੇ ਰਸਤੇ ਤੋਂ ਸਵੇਰੇ 10 ਵਜੇ ਕਾਰ ਰਾਹੀਂ ਦਿੱਲੀ ਦੀ ਹੱਦ ਵਿੱਚ ਦਾਖਲ ਹੋਇਆ ਤੇ ਦੁਪਹਿਰ ਇਕ ਵਜੇ ਲਾਲ ਕਿਲ੍ਹੇ ਪਹੁੰਚਿਆ ਸੀ। ਥੇ ਜੋਸ਼ ਵਿੱਚ ਆ ਕੇ ਉਹ ਲਾਲ ਕਿਲ੍ਹੇ ਦੇ ਗੁੰਬਦ ਉੱਤੇ ਚੜ੍ਹ ਗਿਆ ਸੀ। ਉਸਨੇ ਕਿਹਾ ਕਿ ਪਹਿਲਾਂ ਉਸ ਨੂੰ ਦੋਸਤਾਂ ਤੋਂ ਖੂਬ ਮਦਦ ਮਿਲੀ, ਪਰ ਬਾਅਦ ਵਿੱਚ ਪੁਲਿਸ ਦਾ ਦਬਾਅ ਵਧਿਆ ਤਾਂ ਸਾਰੇ ਮਦਦ ਕਰਨ ਤੋਂ ਪਿੱਛੇ ਹਟਣ ਲੱਗੇ। ਇਸ ਦੇ ਬਾਅਦ ਉਹ ਪਰੇਸ਼ਾਨ ਹੋ ਗਿਆ ਤੇ ਪਿਛਲੇ ਪੰਜ ਦਿਨਾਂ ਤੋਂ ਇੱਕੋਕੱਪੜੇ ਪਾ ਕੇ ਉਹ ਏਧਰ-ਓਧਰ ਲੁਕਦਾ ਫਿਰ ਰਿਹਾ ਸੀ। ਜਾਂਚ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੀਪ ਸਿੱਧੂ ਸਾਰੀਆਂ ਗੱਲਾਂ ਸਹੀ ਨਹੀਂ ਦੱਸਦਾ। ਸੱਤ ਦਿਨਾਂ ਦੇ ਰਿਮਾਂਡ ਉੱਤੇ ਉਸ ਤੋਂ ਪੂਰੀ ਪੁੱਛਗਿੱਛ ਕੀਤੀ ਜਾਵੇਗੀ ਅਤੇ ਜਿੱਥੇ-ਜਿੱਥੇ ਰੁਕਿਆ ਸੀ, ਉੱਥੇ ਲਿਜਾਇਆ ਜਾਵੇਗਾ। ਦੀਪ ਨੇ ਗ੍ਰਿਫਤਾਰੀ ਤੋਂ ਪਹਿਲਾਂ ਫੇਸਬੁੱਕ ਪੋਸਟ ਰਾਹੀਂ ਕਿਸਾਨ ਆਗੂਆਂ ਨੂੰ ਉਨ੍ਹਾਂ ਦੇ ਕਥਿਤ ਕਾਰਨਾਮਿਆਂ ਦਾ ਪਰਦਾਫਾਸ਼ ਕਰਨ ਦੀ ਧਮਕੀ ਵੀ ਦਿੱਤੀ ਸੀ। ਜਾਂਚ ਏਜੰਸੀਆਂ ਉਸ ਤੋਂ ਇਹ ਪਤਾ ਕਰਨ ਦੀ ਕੋਸ਼ਿਸ਼ ਵਿੱਚ ਹਨ ਕਿ ਉਹ ਕੌਣ ਆਗੂ ਹਨ ਤੇ ਉਹ ਉਨ੍ਹਾਂ ਬਾਰੇ ਕੀਦੱਸਣਾ ਚਾਹੁੰਦਾ ਸੀ। ਏਜੰਸੀਆਂ ਇਹ ਵੀ ਜਾਨਣਾ ਚਾਹੁੰਦੀਆਂ ਹਨ ਕਿ 26 ਜਨਵਰੀ ਤੋਂ ਪਹਿਲਾਂ ਉਸਦੀ ਕੈਨੇਡਾ ਤੇ ਹੋਰ ਦੇਸ਼ਾਂ ਵਿੱਚ ਕਿਸ ਨਾਲ ਗੱਲ ਹੋਈ ਤੇ ਕੀ ਵਿਦੇਸ਼ ਤੋਂ ਕੋਈ ਫੰਡਿੰਗ ਵੀ ਹੋਈਸੀ?

## ਯੋਗ ਕੈਨੇਡੀਅਨਾਂ ਤੋਂ 'ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ' ਵਾਪਸ ਨਹੀਂ ਲਿਆ ਜਾਵੇਗਾ-ਜਸਟਿਨ ਟਰੂਡੋ

ਸਰੀ (ਹਰਦਮ ਮਾਨ)-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਜਿਹੜੇ ਲੋਕਾਂ ਨੇ ਆਪਣੀ ਨੈੱਟ ਇਨਕਮ ਦੀ ਬਜਾਏ ਆਪਣੀ ਗਰੌਸ ਇਨਕਮ ਦੇ ਆਧਾਰ ਤੇ 'ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ' ਲਈ ਅਪਲਾਈ ਕੀਤਾ ਸੀ ਅਤੇ ਉਹ ਆਪਣੀ ਨੈੱਟ ਇਨਕਮ ਅਨੁਸਾਰ ਵੀ ਇਹ ਬੈਨੀਫਿਟ ਲੈਣ ਲਈ ਯੋਗ ਸਨ ਤਾਂ ਉਨ੍ਹਾਂ ਤੋਂ ਇਹ ਬੈਨੀਫਿਟ ਵਾਪਿਸ ਨਹੀਂ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਹਜ਼ਾਰਾਂ ਕੈਨੇਡੀਅਨ ਲੋਕਾਂ ਨੂੰ ਬੀਤੇ ਸਾਲ ਆਰ ਸੀ ਏ। ਵੱਲੋਂ ਭੇਜੇ ਪੱਤਰਾਂ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਉਹ 'ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ' ਲਈ ਯੋਗ ਨਹੀਂ ਸਨ, ਕਿਉਂਕਿ ਉਨ੍ਹਾਂ ਆਪਣੀ ਇਨਕਮ ਸਹੀ ਕੈਲਕੁਲੇਟ ਨਹੀਂ ਕੀਤੀ ਸੀ। ਪ੍ਰਧਾਨ ਮੰਤਰੀ ਨੇ ਇਨਕਮ ਟੈਕਸ ਉਪਰ ਵਿਆਜ ਅਦਾ ਕਰਨ ਵਾਲਿਆਂ ਨੂੰ ਵੀ ਕੁਝ ਛੋਟ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਜਿਹੜੇ ਲੋਕਾਂ ਨੇ ਐਮਰਜੈਂਸੀ ਬੈਨੀਫਿਟ ਹਾਸਲ ਕੀਤੇ ਹਨ ਅਤੇ ਟੈਕਸਯੋਗ ਆਮਦਨ 75,000 ਡਾਲਰ ਤੱਕ ਹੈ ਤਾਂ ਉਨ੍ਹਾਂ ਨੂੰ 2020 ਦੇ ਟੈਕਸ ਉਪਰ ਅਗਲੇ ਸਾਲ ਤਕ ਵਿਆਜ ਦੇਣ ਦੀ ਲੋੜ ਨਹੀਂ ਹੋਵੇਗੀ।

## ਸਰੀ ਪੁਲਿਸ ਵੱਲੋਂ ਨਾਈਟ ਕਲੱਬ ਤੇ ਛਾਪਾ-22 ਬੰਦਿਆਂ ਨੂੰ 6,000 ਡਾਲਰ ਜੁਰਮਾਨਾ

ਸਰੀ (ਹਰਦਮ ਮਾਨ)-ਸਰੀ ਆਰਸੀਐਮਪੀ ਨੇ ਸਰੀ ਵਿਚ ਕਿੰਗ ਜੌਰਜ ਬੁਲੇਵਾਰਡ ਅਤੇ 105 ਏ ਐਵੀਨਿਊ ਤੇ ਸਥਿਤ ਇਕ ਨਾਈਟ ਕਲੱਬ ਵੱਲੋਂ ਕੋਵਿਡ-19 ਪਾਬੰਦੀਆਂ ਦੀ ਪਾਲਣਾ ਨਾ ਕਰਨ ਵਿਰੁੱਧ ਕਰਾਵਾਈ ਕਰਦਿਆਂ ਇਸ ਵਿਚ ਮੌਕੇ ਤੇ ਮੌਜੂਦ ਲੋਕਾਂ ਨੂੰ ਲੱਗਭੱਗ 6,000 ਡਾਲਰ ਦੇ ਜੁਰਮਾਨੇ ਕੀਤੇ ਹਨ। ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਸਰੀ ਪੁਲਿਸ ਅਤੇ ਕੋਵਿਡ ਕੰਪਲਾਇਸ ਟੀਮ ਵੱਲੋਂ ਰਾਤ ਇਕ ਵਜੇ ਇਸ ਕਲੱਬ ਤੇ ਛਾਪਾ ਮਾਰਿਆ ਗਿਆ ਤਾਂ ਉਸ ਸਮੇਂ ਕੱਲਬ ਵਿਚ 22 ਬੰਦੇ ਮੌਜੂਦ ਸਨ। ਪੁਲਿਸ ਨੇ ਇਨ੍ਹਾਂ ਨੂੰ ਮਾਸਕ ਨਾ ਪਹਿਨਣ, ਕੋਵਿਡ ਨਿਯਮਾਂ ਦੀ ਉਲੰਘਣਾ ਕਰਨ ਅਤੇ ਗਲਤ ਵਿਹਾਰ ਕਰਨ ਦੇ ਦੋਸ਼ ਤਹਿਤ ਹਰ ਇਕ ਨੂੰ 230 ਡਾਲਰ ਅਦਾ ਕਰਨ ਦੀਆਂ 26 ਟਿਕਟਾਂ ਜਾਰੀ ਕੀਤੀਆਂ ਹਨ। ਬੇਸ਼ੱਕ ਇਸ ਈਵੈਂਟ ਦੇ ਪ੍ਰਬੰਧਕ ਨੂੰ 2,300 ਡਾਲਰ ਜੁਰਮਾਨਾ ਨਹੀਂ ਕੀਤਾ ਗਿਆ ਪਰ ਉਸ ਨੂੰ ਕੋਰਟ ਵਿਚ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਹੈ। ਪਤਾ ਲੱਗਿਆ ਹੈ ਕਿ ਇਸ ਕਲੱਬ ਨੂੰ ਪਹਿਲਾਂ ਵੀ ਅਜਿਹੀ ਉਲੰਘਣਾ ਕਰਨ ਦੇ ਦੋਸ਼ ਤਹਿਤ ਤਿੰਨ ਵਾਰ ਜੁਰਮਾਨਾ ਕੀਤਾ ਜਾ ਚੁੱਕਿਆ ਹੈ।

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8

Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements.
Rates subject to change without notice.
Above Rates Includes: * Senior Discount * Claims Free Discount
* New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।

Truck Insurance & Pro-Rate
ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।

JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance
80th Ave. 128th St 130th St. AMC Insurance AirCare
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca

Pinch of Spice
RESTAURANT | BANQUET HALL | BAR
DINE IN | TAKE OUT | FREE DELIVERY
OUR SPECIAL
CHANA BHATURA 5.99
FISH PAKORA 7.50
10% Discount on PickUp
Veg Thali (Dal, Shahi Paneer, Rice, Salad, Pickle, Raita) 9.99
TIFFEN SERVICE $185 per month
Non Veg Thali (Butter Chicken, Dal Makhni, Rice Naan, Raita, Salad, Pickle) 10.99
We Do Catering Too...
OPEN 7 DAYS
Time: 1 pm to 11:30 pm
604 502 9991
8653 120 St. Delta, BC
www.pinchofspice.ca

# ਹਰਸਿਮਰਤ ਕੌਰ ਬਾਦਲ ਨੇ ਮੰਤਰੀ ਮੰਡਲ ਤੋਂ ਬਾਅਦ ਸੰਸਦ ਵਿਚ ਖੇਤੀ ਕਾਨੂੰਨਾਂ ਦਾ ਕੀਤਾ ਜ਼ੋਰਦਾਰ ਵਿਰੋਧ

ਚੰਡੀਗੜ੍ਹ-ਸਾਬਕਾ ਕੇਂਦਰੀ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਡਲ ਮੰਡਲ ਦੇ ਮੈਂਬਰ ਹੋਣ ਵੇਲੇ ਖੇਤੀ ਬਿੱਲਾਂ ਦਾ ਜ਼ੋਰਦਾਰ ਵਿਰੋਧ ਕਰਨ ਤੋਂ ਬਾਅਦਹੁਣ ਸੰਸਦ ਵਿਚ ਵੀ ਇਹਨਾਂ ਖੇਤੀ ਕਾਨੂੰਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਇਕ ਸੱਚਾਈ ਹੈ ਕਿ ਉਸ ਵੇਲੇ ਦੇ ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਮੁੱਖ ਮੰਤਰੀਆਂ ਦੀ ਵਰਕਿੰਗ ਕਮੇਟੀ ਨੇ ਪਹਿਲਾਂ ਹੀ ਕਿਸਾਨ ਹਿੱਤਾਂ ਦੀ ਰਾਖੀ ਦੀਆਂ ਸਿਫਾਰਸ਼ਾਂ ਕੀਤੀਆਂ ਸਨ ਤੇ ਕਿਹਾ ਸੀ ਕਿ ਐਮ ਐਸ ਪੀ ਤੋਂ ਘੱਟ ਕਿਸਾਨਾ ਤੇ ਵਪਾਰੀਆਂ ਵਿਚ ਕੋਈ ਸੌਦੇਬਾਜ਼ੀ ਨਹੀਂ ਹੋਣੀ ਚਾਹੀਦੀ। ਉਹਨਾਂ ਪੁੱਛਿਆ ਕਿ ਉਸ ਵੇਲੇ ਤੋਂ ਹੁਣ ਤੱਕ ਕੀ ਬਦਲਿਆ ਹੈ ? ਸ੍ਰੀਮਤੀ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਇਹ ਦੱਸੇ ਕਿ 26 ਜਨਵਰੀ ਦੀਆਂ ਘਟਨਾਵਾਂ ਬਾਰੇ ਖੁਫੀਆ ਏਜੰਸੀਆਂ ਦੀਆਂ ਅਸਫਲਤਾਵਾਂ ਦੀ ਜਾਂਚ ਕਿਉਂ ਨਹੀਂ ਕੀਤੀ ਜਾ ਰਹੀ । ਉਹਨਾਂ ਕਿਹਾ ਕਿਜਿਹਨਾਂ ਨੇ ਕੌਮੀ ਝੰਡੇ ਵਾਸਤੇ ਹੁਣ ਤੱਕ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ, ਉਹਨਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜਿਸ ਕੇਸਰੀ ਨਿਸ਼ਾਨ ਸਾਹਿਬ ਦਾ ਪ੍ਰਧਾਨ ਮੰਤਰੀ ਆਪ ਸਨਮਾਨ ਕਰਦੇ ਸਨ ਉਸਦੀ ਬਦਨਾਮੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਕੇਂਦਰ ਸਰਕਾਰ ਵਿਚ ਕਿੰਨਾ ਹੰਕਾਰ ਆ ਗਿਆ ਹੈ। ਇਹ ਕਿਸਾਨਾਂ ਨੂੰ ਵਿਚੋਲੇ, ਨਕਸਲਵਾਦੀ ਤੇ ਖਾਲਿਸਤਾਨੀ ਕਰਾਰ ਦੇ ਕੇ ਉਹਨਾਂ ਨੂੰ ਬਦਨਾਮ ਕਰ ਰਹੀ ਹੈ ਤੇ ਕਿਸਾਨਾਂ ਦੀ ਭਲਾਈ ਵਾਸਤੇ ਕਿਸੇ ਵੀ ਮੰਤਰੀ ਨੂੰ ਭੇਜਣ ਵਾਸਤੇ ਤਿਆਰ ਨਹੀਂ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੌਜਵਾਨਾਂ, ਸਮਾਜਿਕ ਕਾਰਕੁੰਨਾਂ ਤੇ ਪੱਤਰਕਾਰਾਂ ਦੇ ਖਿਲਾਫ ਜ਼ਬਰਦੀ ਨੀਤੀ ਅਪਣਾ ਰਹੀ ਹੈ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੰਦੇਸ਼ ਦਿੱਤਾ ਸੀ ਤੇ ਗੁਰੂ ਨਾਨਕ ਦੇਵ ਜੀ ਨੇ ਆਪ 18 ਸਾਲਾ ਖੇਤੀਬਾੜੀ ਕੀਤੀ। ਇਥੇ ਦੱਸਣਯੋਗ ਹੈ ਕਿ ਸ੍ਰੀਮਤੀ ਬਾਦਲ ਨੇ ਨਾ ਸਿਰਫ ਕੇਂਦਰੀ ਮੰਤਰੀ ਮੰਡਲ ਵਿਚ ਖੇਤੀਬਾੜੀ ਆਰਡੀਨੈਂਸ ਤੇ ਬਿੱਲਾਂ ਵਿਰੋਧ ਕੀਤਾ ਬਲਕਿ ਵੱਖ ਵੱਖ ਮੰਤਰੀਆਂ ਨਾਲ ਮੁਲਾਕਾਤ ਕਰ ਕੇ ਉਹਨਾਂ ਨੂੰ ਕਿਸਾਨਾਂ ਦੀਆਂ ਚਿੰਤਾਵਾਂ ਦੂਰ ਕਰਨ ਵਾਸਤੇ ਵੀ ਆਖਿਆ ਤੇ ਖੇਤੀਬਾੜੀ ਬਿੱਲਾਂ ਦਾ ਵੀ ਵਿਰੋਧ ਕੀਤਾ।



*We are able to do the following by phone, email, and walk-in:*
- Renewals
- Some Changes to Autoplan
- Parking Or Storage Insurance, Permits

**The following is insurance to be done as walk -in to the office:**
- New Plates and New Policies
- Changes to Autoplan
- Cancellations, Permits
- We also sell Home, Business, and Travel Insurance

*We practice social distancing*

*Visit us at one of our two locations during the following hours for walk-ins service:*

**Nationwide Insurance Agency Ltd.**
Mon-Friday 9:00 am to 8:00 pm, Sat – 9:00 to 5:00 pm
Sun 10:00 to 6:00 pm, Open on Stat holidays

**Alpine Insurance Agencies Ltd.**
Mon-Friday 9:00 am to 6:00 pm, Sat – 9:00 to 4:00 pm
#109 – 4061 200 St., Langley, BC



Rad
NATIONWIDE INSURANCE AGENCY 2018 LTD.
T: 604.562.1234
#104-9093-King George Blvd, Surrey BC
info@nationwideltd.ca
www.nationwideltd.ca

# ਰਾਜ ਸਭਾ ਤੋਂ ਵਿਦਾਈ ਵੇਲੇ ਆਜ਼ਾਦ ਨੇ ਕਿਹਾ: ਭਾਰਤੀ ਮੁਸਲਮਾਨ ਹੋਣ ਉੱਤੇ ਮੈਨੂੰ ਮਾਣ ਹੈ

ਨਵੀਂ ਦਿੱਲੀ-ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਦੀ ਮੈਂਬਰੀ ਦੀ ਮਿਆਦ ਅੱਜ ਮੰਗਲਵਾਰ ਪੂਰੀ ਹੋ ਗਈ ਹੈ ਰਾਜ ਸਭਾ ਵਿੱਚ ਉਨ੍ਹਾਂ ਦੇ ਆਖ਼ਰੀ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਨੇਤਾਵਾਂ ਨੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਆਪਣੇ ਵਿਦਾਈ ਭਾਸ਼ਣ ਦੌਰਾਨ ਆਜ਼ਾਦ ਨੇ ਕਿਹਾ ਕਿ ਮੈਨੂੰ ਹਿੰਦੋਸਤਾਨੀ ਮੁਸਲਮਾਨ ਹੋਣ ਦਾ ਮਾਣ ਹੈ। ਉਨ੍ਹਾਂ ਕਿਹਾ ਕਿ 'ਮੈਂ ਇਸ ਸਦਨ ਵਿੱਚ ਰਹਿ ਕੇ ਬਹੁਤ ਕੁਝ ਸਿਖਿਆ ਹੈ। ਮੈਂ ਜਿੱਥੇ ਵੀ ਗਿਆ, ਉੱਥੇ ਪਿਆਰ ਮਿਲਿਆ। ਮੈਂ ਖੁਸ਼ਕਿਸਮਤ ਹਾਂ, ਜੋ ਕਦੇ ਪਾਕਿਸਤਾਨ ਨਹੀਂ ਗਿਆ। ਜਦੋਂ ਕਦੇ ਮੈਂ ਪਾਕਿਸਤਾਨਦੇ ਹਾਲਾਤ ਬਾਰੇ ਪੜ੍ਹਦਾ ਹਾਂ, ਤਾਂ ਮੈਨੂੰ ਹਿੰਦੋਸਤਾਨੀ ਮੁਸਲਮਾਨ ਹੋਣ ਉੱਤੇ ਮਾਣ ਮਹਿਸੂਸ ਹੁੰਦਾ ਹੈ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਯਾਦ ਕਰ ਕੇ ਆਜ਼ਾਦ ਨੇ ਕਿਹਾ ਕਿ ਅਟਲ ਜੀ ਤੋਂ ਉਨ੍ਹਾਂ ਨੇਬਹੁਤ ਕੁਝ ਸਿੱਖਿਆ ਸੀ। ਜੰਮੂ-ਕਸ਼ਮੀਰ ਦੇ ਜੰਮੂ ਹਲਕੇ ਤੋਂ ਆਏ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਉਨ੍ਹਾਂ ਨੇ ਦੇਸ਼ ਭਗਤੀ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਮੌਲਾਨਾ ਆਜ਼ਾਦ ਨੂੰ ਪੜ੍ਹ ਕੇ ਸਿੱਖੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਸਾਨੂੰ ਕਾਨੂੰਨ ਬਣਾਉਣ ਲਈ ਚੁਣਿਆ ਹੈ, ਜੇ ਅਸੀਂ ਆਪੋ ਵਿੱਚ ਲੜਦੇ ਰਹੇ ਤਾਂ ਲੋਕਾਂ ਦਾ ਭਰੋਸਾ ਉਠ ਜਾਵੇਗਾ,ਪਾਰਲੀਮੈਂਟ ਵਿੱਚ ਲੜਾਈ ਨਾਲ ਕਾਨੂੰਨ ਨਹੀਂ ਰੁਕਣੇ ਚਾਹੀਦੇ। ਉਨ੍ਹਾਂ ਨੇ ਕਿਹਾ ਕਿ ਮੈਂ ਵੇਖਿਆ ਹੈ ਕਿ ਮੁਸਲਮਾਨ ਦੇਸ਼ ਆਪਸ ਵਿੱਚ ਲੜ ਕੇ ਖਤਮ ਹੋ ਰਹੇ ਹਨ। ਪਿਛਲੇ 30-34 ਸਾਲਾਂ ਵਿਚ ਅਫ਼ਗਾਨਿਸਤਾਨ ਤੋਂ ਲੈ ਕੇ ਇਰਾਕ ਤੱਕਆਪੋ ਵਿੱਚ ਲੜ ਰਹੇ ਹਨ।



ਕਿ ਤੁਹਾਨੂੰ ਕਿਰਾਏਦਾਰਾਂ ਨਾਲ ਕੋਈ ਸਮੱਸਿਆ ਹੈ?
ਕਿਰਾਇਆ ਨਾ ਦੇਣਾ, ਪ੍ਰਾਪਰਟੀ ਖਰਾਬ ਕਰਨਾ ਜਾਂ ਕੋਈ ਖ਼ਤਰਨਾਕ ਗਤੀਵਿਧੀ?
ਕਿ ਤੁਹਾਨੂੰ ਕਿਰਾਏਦਾਰਾਂ ਤੋਂ ਕਾਨੂੰਨੀ ਤੌਰ 'ਤੇ ਘਰ ਖਾਲੀ ਕਰਾਉਣ ਬਾਰੇ ਨਹੀਂ ਪਤਾ?
ਇਸ ਨੂੰ ਗਲਤ ਤਰੀਕੇ ਨਾ ਕਰੋ।
ਇੰਟੀਗ੍ਰੇਟਿਡ ਦੇ ਪ੍ਰੋਫੈਸ਼ਨਲਜ਼ ਦੀ ਮਦਦ ਲਵੋ।




ਅਸੀਂ ਪੰਜਾਬੀ ਅਤੇ ਹਿੰਦੀ ਵਿੱਚ ਵੀ ਗੱਲਬਾਤ ਕਰਦੇ ਹਾਂ।
INTEGRATED
CIVIL ENFORCEMENT
ਇੰਟੀਗ੍ਰੇਟਿਡ ਸਿਵਿਲ ਇੰਫੋਰਸਮੈਂਟ ਇਕ Government Appointed Solution ਹੈ।
ਜੋ ਤੁਹਾਨੂੰ Notices Serve ਕਰਨ, Court Filings, ਅਤੇ Removal of Tenants 'ਚ ਮਦਦ ਕਰੇਗਾ।
Head Office: 9669 186st, Surrey BC
Court Office: 101B – 625 Agnes Street, New Westminster
Visit integratedcivil.ca or
call 1-844-395-4367
ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰਨ ਲਈ #2 ਦਬਾਓ
ਆਪਣੀ ਜਾਇਦਾਦ 'ਤੇ ਦਾਅਵਾ ਹੁਣੇ ਕਰੋ

# ਪੰਜਾਬੀ ਸ਼ਾਇਰ ਬਾਬੂ ਸਿੰਘ ਚੌਹਾਨ ਸੁਰਗਵਾਸ

ਲੁਧਿਆਣਾ-ਪੰਜਾਬੀ ਦੇ ਨਾਮਵਰ ਸ਼ਾਇਰ ਬਾਬੂ ਸਿੰਘ ਚੌਹਾਨ ਅੱਜ ਸਦੀਵੀ ਵਿਛੋੜਾ ਦੇ ਗਏ ਹਨ। ਵਿਅੰਗ ਕਾਵਿ ਤੇ ਗੀਤ ਰਚਨਾ ਤੋਂ ਇਲਾਵਾ ਸਿੱਖ ਇਤਿਹਾਸ ਬਾਰੇ ਉਨ੍ਹਾਂ ਦੀਆਂ ਰਚਨਾਵਾਂ ਬਹੁਤ ਮਕਬੂਲ ਹੋਈਆਂ। ਬਾਬੂ ਸਿੰਘ ਚੌਹਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਤੋਂ ਇਲਾਵਾ ਕਈ ਸਾਹਿੱਤਕ ਸਭਿਆਚਾਰਕ ਸੰਸਥਾਵਾਂ ਦੇ ਸਰਕਰਮ ਮੈਂਬਰ ਸਨ। ਬਾਬੂ ਸਿੰਘ ਚੌਹਾਨ ਦੇ ਦੇਹਾਂਤ ਤੇ ਡੂੰਘਾ ਅਫਸੋਸ ਪ੍ਰਗਟ ਕਰਦਿਆਂ ਬਾਬੂ ਸਿੰਘ ਦੇ ਨਿਕਟਵਰਤੀ ਮਿੱਤਰ ਤੇ ਉਸ ਬਾਰੇ ਬਾਬੂ ਸਿੰਘ ਚੌਹਾਨ: ਜੀਵਨ ਤੇ ਗੀਤ ਕਿਤਾਬ ਸੰਪਾਦਿਤ ਕਰਨ ਵਾਲੇ ਉੱਘੇ ਲੇਖਕ ਸੁਰਿੰਦਰ ਰਾਮਪੁਰੀ ਨੇ ਦੱਸਿਆ ਕਿ ਬਾਬੂ ਸਿੰਘ ਚੌਹਾਨ ਦੀਆਂ ਰਚਨਾਵਾਂ ਸੱਜਰੀ ਪੈੜ ਤੇ ਅੱਖਰ ਅੱਖਰ ਅਹਿਸਾਸ (ਕਾਵਿ ਸੰਗ੍ਰਹਿ) ਵਿਅੰਗ ਰਚਨਾ ਸੱਚ ਬੋਲਿਆ ਭਾਂਬੜ ਮੱਚਦਾ ਏ, ਚਿੜੀਆਂ ਨੂੰ ਲਿਖਾਂ ਚਿੱਠੀਆਂ (ਬਾਲ ਗੀਤ) ਯਾਦਾਂ ਦੀ ਚੰਗੇਰ, ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਖੇਮੋ ਬੇਗਮ ਤੋਂ ਹੁਣ ਤੀਕ ਖਮਾਣੋ, ਦੀਵਾਨ ਟੋਡਰ ਮੱਲ - ਸਿੱਖ ਇਤਿਹਾਸ ਦੇ ਸਰੋਕਾਰ, ਜੀਵਨ ਤੇ ਫ਼ਲਸਫਾ ਤੋਂ ਇਲਾਵਾ ਸ਼ਹੀਦੀ ਪੈਂਡੇ (ਵਾਰਤਕ )ਬੜੀਆਂ ਮੁੱਲਵਾਨ ਹਨ। ਸ: ਬਾਬੂ ਸਿੰਘ ਚੌਹਾਨ 1977 ਤੋਂ 1997 ਤੀਕ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਵੀ ਪ੍ਰਧਾਨ ਰਹੇ। ਖਮਾਣੋ ਨਗਰ ਪੰਚਾਇਤ ਦੇ ਵੀ ਉਹ 1998 ਤੋਂ 2003 ਤੀਕ ਕੌਂਸਲਰ ਰਹੇ। ਉਹ ਸਾਹਿਤ ਸਭਾ ਖਮਾਣੋਂ (ਫ਼ਤਹਿਗੜ੍ਹ ਸਾਹਿਬ)ਦੇ ਲੰਮਾ ਸਮਾਂ ਪ੍ਰਧਾਨ ਵੀ ਰਹੇ। ਉਹਨਾਂ ਦੇ ਅਚਾਨਕ ਹੋਏ ਵਿਛੋੜੇ ਤੇ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਡਾ: ਸੁਰਜੀਤ ਪਾਤਰ,ਸਕੱਤਰ ਜਨਰਲ ਡਾ: ਲਖਵਿੰਦਰ ਜੌਹਲ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ। ਰਵਿੰਦਰ ਭੱਠਲ ,ਜਨਰਲ ਸਕੱਤਰ ਡਾ। ਸੁਰਜੀਤ ਸਿੰਘ,ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ। ਗੁਰਭਜਨ ਸਿੰਘ ਗਿੱਲ , ਉੱਘੇ ਕਵੀ ਮਨਜਿੰਦਰ ਧਨੋਆ, ਤ੍ਰੈਲੋਚਨ ਲੋਚੀ, ਡਾ: ਗੁਲਜ਼ਾਰ ਪੰਧੇਰ, ਸਵਰਨਜੀਤ ਸਵੀ,ਦਰਸ਼ਨ ਬੁੱਟਰ ਪ੍ਰਧਾਨ ਤੇ ਡਾ। ਸੁਖਦੇਵ ਸਿੰਘ ਸਿਰਸਾ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ । ਸੁਖਜੀਤ ਮਾਛੀਵਾੜਾ, ਦਲਜੀਤ ਸ਼ਾਹੀ, ਉਰਦੂ ਕਵੀ ਸਰਦਾਰ ਪੰਛੀ,ਗੁਰਦਿਆਲ ਦਲਾਲ, ਸੁਰਿੰਦਰ ਰਾਮਪੁਰੀ,ਹਰਬੰਸ ਮਾਲਵਾ,ਸਹਿਜਪ੍ਰੀਤ ਸਿੰਘ ਮਾਂਗਟ,ਗੁਰਚਰਨ ਕੌਰ ਕੋਚਰ ਤੇ ਬੁੱਧ ਸਿੰਘ ਨੀਲੋਂ ਨੇ ਵੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



# ਕੋਵਿਡ-19 ਦੀਆਂ ਸਖ਼ਤ ਪਾਬੰਦੀਆਂ ਕਾਰਨ ਏਅਰ ਕੈਨੇਡਾ ਵੱਲੋਂ ਕਈ ਅੰਤਰਰਾਸ਼ਟਰੀ ਉਡਾਨਾਂ ਰੱਦ

ਸਰੀ (ਹਰਦਮ ਮਾਨ)-ਕੈਨੇਡਾ ਵਿੱਚ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਲਾਗੂ ਕੀਤੀਆਂ ਗਈਆਂ ਸਖ਼ਤ ਪਾਬੰਦੀਆਂ ਕਾਰਨ ਕੈਨੇਡਾ ਦੀ ਪ੍ਰਮੁੱਖ ਏਅਰਲਾਈਨ ਕੰਪਨੀ ਏਅਰ ਕੈਨੇਡਾ ਵੱਲੋਂ ਆਪਣੀਆਂ ਕਈ ਅੰਤਰਰਾਸ਼ਟਰੀ ਉਡਾਨਾਂ ਰੱਦ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਤੇ 1500 ਨੌਕਰੀਆਂ ਦੀ ਕਟੌਤੀ ਕਰਨ ਦਾ ਵੀ ਐਲਾਨ ਕੀਤਾ ਗਿਆ ਹੈ। ਏਅਰ ਕੈਨੇਡਾ ਨੇ 18 ਫਰਵਰੀ ਤੋਂ ਅਮਰੀਕਾ ਅਤੇ ਵਿਦੇਸ਼ ਜਾਣ ਵਾਲੇ 17 ਫਲਾਈਟ ਰੂਟਾਂ ਉਪਰ ਹਵਾਈ ਸੇਵਾਵਾਂ 30 ਅਪ੍ਰੈਲ ਤੱਕ ਅਸਥਾਈ ਤੌਰ 'ਤੇ ਰੱਦ ਕਰ ਦਿੱਤੀਆਂ ਹਨ। ਕੰਪਨੀ ਦਾ ਕਹਿਣਾ ਹੈ ਕਿ ਪਹਿਲਾਂ ਬੁਕਿੰਗ ਕਰਨ ਵਾਲੇ ਪ੍ਰਭਾਵਿਤ ਗ੍ਰਾਹਕਾਂ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਉਹਨਾਂ ਨੂੰ ਬਦਲਵੇਂ ਰੂਟਾਂ ਰਾਹੀਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਏਅਰ ਕੈਨੇਡਾ ਕੀਤੇ ਐਲਾਨ ਅਨੁਸਾਰ ਹੇਠ ਲਿਖੇ ਅੰਤਰ ਰਾਸ਼ਟਰੀ ਹਵਾਈ ਰੂਟ ਪ੍ਰਭਾਵਿਤ ਹੋਣਗੇ-ਵੈਨਕੂਵਰ ਤੋਂ ਲੰਡਨ, ਇੰਗਲੈਂਡ (14 ਫਰਵਰੀ), ਟੋਰਾਂਟੋ ਤੋਂ ਬੋਗੋਟਾ (16 ਫਰਵਰੀ), ਟੋਕਿ ?-ਨਰੀਤਾ, ਜਪਾਨ (15 ਫਰਵਰੀ), ਮਾਂਟਰੀਅਲ ਤੋਂ ਬੋਗੋਟਾ (13 ਫਰਵਰੀ), ਡਬਲਿਨ (12 ਫਰਵਰੀ), ਸਾਓ ਪੌਲੋ (16 ਫਰਵਰੀ), ਹਾਂਗ ਕਾਂਗ (ਸ਼ੁਰੂਆਤ ਮੁਲਤਵੀ), ਡੁਬਈ (ਸ਼ੁਰੂਆਤ ਮੁਲਤਵੀ), ਤੇਲ ਅਵੀਵ (ਨਿਰੰਤਰ ਮੁਅੱਤਲ)।

ਅਮਰੀਕਾ ਜਾਣ ਵਾਲੇ ਹੇਠ ਲਿਖੇ ਹਵਾਈ ਰੂਟ ਪ੍ਰਭਾਵਿਤ ਹੋਣਗੇ-

ਵੈਨਕੂਵਰ ਤੋਂ ਸੀਏਟਲ (16 ਫਰਵਰੀ), ਟੋਰਾਂਟੋ ਤੋਂ ਫੋਰਟ ਮਾਇਅਰਜ਼ (14 ਫਰਵਰੀ), ਮਾਂਟਰੀਅਲ ਤੋਂ ਬੋਸਟਨ (17 ਫਰਵਰੀ), ਬੋਸਟਨ (16 ਫਰਵਰੀ), ਵਾਸ਼ਿੰਗਟਨ-ਰੀਗਨ (17 ਫਰਵਰੀ), ਡੇਨਵਰ (17 ਫਰਵਰੀ), ਨਿਊ ਯਾਰਕ ਲਾਗੁਆਰਡੀਆ ਏਅਰਪੋਰਟ (17 ਫਰਵਰੀ)

# ਪੁੱਤ ਦੀ ਮੌਤ ਦਾ ਗ਼ਮ ਨਾ ਸਹਾਰਦਿਆਂ ਮਾਤਾ ਪਿਤਾ ਨੇ ਆਪਣੇ ਗੋਲੀ ਮਾਰੀ

## ਪਿਤਾ ਦੀ ਮੌਕੇ 'ਤੇ ਮੌਤ, ਮਾਂ ਦੀ ਹਾਲਤ ਨਾਜ਼ੁਕ

ਰਈਆ (ਦਵਿੰਦਰ ਸਿੰਘ ਭੰਗੂ)-ਕਸਬਾ ਮਹਿਤਾ ਚੌਂਕ ਵਿਚ ਅੱਜ ਸਵੇਰੇ ਇਕ ਅੰਮ੍ਰਿਤਧਾਰੀ ਵਿਆਹੁਤਾ ਜੋੜੇ ਨੇ ਆਪਣੇ ਪੁੱਤਰ ਦੇ ਵਿਜੋਗ ਵਿਚ ਆਪਣੀ ਜੀਵਨ ਲੀਲ੍ਹਾ ਖ਼ਤਮ ਕਰਨ ਵਾਸਤੇ ਆਪਣੇ ਆਪ ਨੂੰ ਰਿਵਾਲਵਰ ਨਾਲ ਗੋਲੀ ਮਾਰ ਲਈ, ਜਿਸ ਕਾਰਨ ਪਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਪਤਨੀ ਗੰਭੀਰ ਹਾਲਾਤ ਵਿਚ ਗੁਰੂ ਰਾਮ ਦਾਸ ਹਸਪਤਾਲ ਵੱਲਾਂ ਵਿਖੇ ਆਈ ਸੀ ਯੂ। ਵਿਚ ਇਲਾਜ ਅਧੀਨ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਅੱਜ ਸਵੇਰੇ ਕਰੀਬ 8।15 ਵਜੇ ਘੁਮਾਣ ਰੋਡ 'ਤੇ ਸਥਿਤ ਅਮਰਜੀਤ ਫ਼ੋਟੋਗਰਾਫ਼ਰ ਦੇ ਮਾਲਕ ਸੰਦੀਪ ਸਿੰਘ ਦੇ ਘਰ ਗੋਲੀ ਚੱਲਣ ਦੀ ਅਵਾਜ਼ ਸੁਣ ਕੇ ਜਦੋਂ ਕੁਝ ਗੁਆਂਢੀ ਦੌੜ ਕੇ ਮੌਕੇ ਤੇ ਉਸ ਦੇ ਘਰ ਪਹੁੰਚੇ ਤਾਂ ਦੋਵੇਂ ਸੰਦੀਪ ਸਿੰਘ ਅਤੇ ਉਸ ਦੀ ਪਤਨੀ ਤਜਿੰਦਰ ਕੌਰ ਖ਼ੂਨ ਨਾਲ ਲੱਥਪੱਥ ਜ਼ਮੀਨ 'ਤੇ ਵਿਛੇ ਬਿਸਤਰੇ 'ਤੇ ਬੇਹੋਸ਼ ਪਾਏ ਗਏ। ਇਕ ਰਿਵਾਲਵਰ ਮ੍ਰਿਤਕ ਸੰਦੀਪ ਸਿੰਘ ਦੇ ਸੱਜੇ ਹੱਥ ਵਿਚ ਫੜਿਆ ਹੋਇਆ ਸੀ ਅਤੇ ਪ੍ਰਤੱਖਦ੍ਰਸ਼ੀਆਂ ਅਨੁਸਾਰ ਦੋਵਾਂ ਦੇ ਸਿਰਾਂ ਵਿਚੋਂ ਬਹੁਤ ਜ਼ਿਆਦਾ ਖ਼ੂਨ ਵਹਿ ਚੁੱਕਾ ਸੀ। ਅਜਿਹਾ ਦ੍ਰਿਸ਼ ਵੇਖ ਕੇ ਚੀਕ ਚਿਹਾੜਾ ਪੈ ਗਿਆ ਅਤੇ ਮ੍ਰਿਤਕ ਦੇ ਵੱਡੇ ਭਰਾ ਨਵਦੀਪ ਸਿੰਘ ਅਤੇ ਕੁਝ ਨਜ਼ਦੀਕੀਆਂ ਨੇ 108 ਨੰਬਰ 'ਤੇ ਐਂਬੂਲੈਂਸ ਸੱਦ ਕੇ ਦੋਵਾਂ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਸੰਦੀਪ ਸਿੰਘ ਨੂੰ ਮ੍ਰਿਤਕ ਘੋਸ਼ਿਤ ਕਰਕੇ ਉਸ ਦੀ ਲਾਸ਼ ਨੂੰ ਪੁਲਿਸ ਹਵਾਲੇ ਕਰ ਦਿੱਤੀ ਅਤੇ ਉਸ ਦੀ ਪਤਨੀ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਇਲਾਜ ਲਈ ਭੇਜ ਦਿੱਤਾ। ਗੁਰੂ ਨਾਨਕ ਦੇਵ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਨਿਊਰੋ ਸਰਜਨ ਦੀ ਅਸਾਮੀ ਚਿਰਾਂ ਤੋਂ ਖ਼ਾਲੀ ਪਈ ਹੋਣ ਕਰਕੇ ਤਜਿੰਦਰ ਕੌਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਗੁਰੂ ਰਾਮਦਾਸ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ, ਜਿੱਥੇ ਨਿਊਰੋ ਸਰਜਨ ਡਾਕਟਰ ਉੱਪਲ ਅਨੁਸਾਰ ਗੋਲੀ ਵੱਜਣ ਨਾਲ ਤਜਿੰਦਰ ਕੌਰ ਦੇ ਸਿਰ ਦੀ ਹੱਡੀ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ ਅਤੇ ਖ਼ੂਨ ਅੰਦਰ ਫੈਲ ਚੁੱਕਾ ਹੈ, ਜਿਸ ਕਾਰਨ ਮਰੀਜ਼ ਦੀ ਹਾਲਤ ਬਹੁਤ ਗੰਭੀਰ ਬਣੀ ਹੋਈ ਹੈ। ਥਾਣਾ ਮਹਿਤਾ ਦੇ ਪੁਲਿਸ ਮੁਖੀ ਸ। ਮਨਜਿੰਦਰ ਸਿੰਘ ਅਨੁਸਾਰ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਬੰਧਿਤ ਧਿਰਾਂ ਦੇ ਬਿਆਨ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪਤਾ ਲਗਾ ਹੈ ਕਿ ਇਸ ਆਤਮ ਹੱਤਿਆ ਕਰਨ ਵਾਲੇ ਜੋੜੇ ਦੇ ਇਕਲੌਤੇ ਪੁੱਤਰ ਕੰਵਰ ਬੀਰ ਸਿੰਘ ( 16 ਸਾਲ) ਨੇ ਚਾਰ ਕੁ ਮਹੀਨੇ ਪਹਿਲਾਂ ਘਰ ਦੇ ਉਸੇ ਕਮਰੇ ਵਿਚ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਸੀ ਅਤੇ ਇਹ ਜੋੜਾ ਉਸੇ ਦਿਨ ਤੋਂ ਬਹੁਤ ਉਦਾਸੀ ਅਤੇ ਇਕਲਾਪਾ ਮਹਿਸੂਸ ਕਰ ਰਿਹਾ ਸੀ, ਜੋ ਅੰਤ ਦੋਵੇਂ ਅਜਿਹਾ ਖ਼ਤਰਨਾਕ ਕਦਮ ਚੁੱਕਣ ਲਈ ਤਿਆਰ ਹੋਏ। ਇਸ ਘਟਨਾ ਨੂੰ ਲੈ ਕੇ ਸਾਰੇ ਇਲਾਕੇ ਵਿਚ ਸੋਗ ਦੀ ਲਹਿਰ ਪਈ ਹੋਈ ਹੈ। ਖ਼ਬਰ ਲਿਖਣ ਤੱਕ ਤਜਿੰਦਰ ਕੌਰ ਦੀ ਹਾਲਤ ਗੰਭੀਰ ਬਣੀ ਹੋਈ ਹੈ।




Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.

#105-7928 128th St., Surrey, BC, V3W 4E8
info@amrikcheema.com

## ਭਾਰਤ ਦੇਵੇਗਾ ਕੈਨੇਡਾ ਨੂੰ ਕੋਵਿਡ-19 ਵੈਕਸੀਨ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਕੈਨੇਡਾ ਨੂੰ ਕੋਵਿਡ-19 ਟੀਕੇ ਦੇਣ ਦਾ ਪੂਰਾ ਯਤਨ ਕਰੇਗਾ ਪਰ ਉਨ੍ਹਾਂ ਕੋਈ ਵਿਸ਼ੇਸ਼ ਗਰੰਟੀ ਨਹੀਂ ਦਿੱਤੀ ਕਿ ਭਾਰਤ ਕੈਨੇਡਾ ਨੂੰ ਦਵਾਈ ਦੀਆਂ ਖ਼ੁਰਾਕਾਂ ਭੇਜ ਦੇਵੇਗਾ। ਕੈਨੇਡਾ ਉਨ੍ਹਾਂ 25 ਦੇਸ਼ਾਂ ਵਿਚ ਸ਼ਾਮਿਲ ਨਹੀਂ ਜਿਨ੍ਹਾਂ ਨੂੰ ਭਾਰਤ ਸਰਕਾਰ ਨੇ ਇਸ ਮਹੀਨੇ ਅਸਟਰਾਜ਼ੇਨਕਾ ਟੀਕੇ ਦੀਆਂ ਖ਼ੁਰਾਕਾਂ ਬਰਾਮਦ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਕੈਨੇਡੀਅਨ ਫੈਡਰਲ ਅਧਿਕਾਰੀਆਂ ਨੇ ਪਿਛਲੇ ਹਫ਼ਤੇ ਸੰਕੇਤ ਦਿੱਤਾ ਸੀ ਕਿ ਕੈਨੇਡਾ ਨੂੰ ਘੱਟੋ ਘੱਟ ਅਪ੍ਰੈਲ ਤਕ ਖੇਪਾਂ ਦੇ ਪਹੁੰਚਣ ਦੀ ਆਸ ਨਹੀਂ। ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਅਸਟਰਾਜ਼ੇਨਕਾ ਨਾਲ ਘੱਟੋ ਘੱਟ ਇਕ ਅਰਬ ਡੋਜ਼ ਬਣਾਉਣ ਦਾ ਠੇਕਾ ਕੀਤਾ ਹੈ ਅਤੇ ਹੈਲਥ ਕੈਨੇਡਾ ਮੌਜੂਦਾ ਸਮੇਂ ਫੈਸਿਲਟੀ ਵਿਖੇ ਨਿਰਮਾਣ ਪ੍ਰਕਿਰਿਆ ਦੀ ਨਿਰੀਖਣ ਕਰ ਰਿਹਾ ਹੈ ਕਿਉਂਕਿ ਇਹ ਕੈਨੇਡੀਅਨਾਂ ਦੀ ਵਰਤੋਂ ਲਈ ਅਸਟਰਾਜ਼ੇਨਕਾ ਟੀਕੇ ਨੂੰ ਹਰੀ ਝੰਡੀ ਦੇਣ 'ਤੇ ਕੰਮ ਕਰ ਰਿਹਾ ਹੈ। ਮੋਦੀ ਨੇ ਟਵਿੱਟਰ 'ਤੇ ਦੱਸਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੱਜ ਉਨ੍ਹਾਂ ਨੂੰ ਫੋਨ ਕੀਤਾ ਅਤੇ ਦੋਵਾਂ ਨੇ ਟੀਕਿਆਂ, ਪੌਣਪਾਣੀ ਤੇ ਵਿਸ਼ਵ ਆਰਥਿਕ ਰਿਕਵਰੀ ਬਾਰੇ ਚਰਚਾ ਕੀਤੀ ਸੀ। ਇਸ ਤੋਂ ਪਹਿਲਾਂ ਅੱਜ ਟਰੂਡੋ ਨੇ ਕਿਹਾ ਕਿ ਕੈਨੇਡਾ ਤੇ ਭਾਰਤ ਕੋਵਿਡ-19 ਖਿਲਾਫ ਭਾਈਵਾਲ ਵਜੋਂ ਲੜ ਰਹੇ ਹਨ ਪਰ ਮੋਦੀ ਨਾਲ ਗੱਲਬਾਤ ਕਰਨ ਸਬੰਧੀ ਕੋਈ ਜ਼ਿਕਰ ਨਹੀਂ ਕੀਤਾ। ਟਰੂਡੋ ਦੀ 2018 ਵਿਚ ਪ੍ਰੇਸ਼ਾਨੀ ਵਾਲਾ ਯਾਤਰਾ ਸਮੇਤ ਟਰੂਡੋ ਤੇ ਮੋਦੀ ਵਿਚਕਾਰ ਸਬੰਧ ਲਗਾਤਾਰ ਤਣਾਅ ਵਾਲੇ ਰਹੇ ਹਨ। ਹਾਲ ਹੀ ਵਿਚ ਟਰੂਡੋ ਵਲੋਂ ਭਾਰਤ ਸਰਕਾਰ ਦੁਆਰਾ ਬਣਾਏ ਗਏ ਨਵੇਂ ਕਾਨੂੰਨੀ ਵਿਰੁੱਧ ਕਿਸਾਨਾਂ ਦੇ ਸੰਘਰਸ਼ ਦੀ ਜਨਤਕ ਰੂਪ ਵਿਚ ਹਮਾਇਤ ਕੀਤੇ ਜਾਣ ਨੂੰ ਲੈ ਕੇ ਭਾਰਤ ਗੁੱਸੇ ਵਿਚ ਹੈ।

# ਫੈਡਰਲ ਸਰਕਾਰ ਵਲੋਂ ਪਬਲਿਕ ਟਰਾਂਸਪੋਰਟ ਸਿਸਟਮ ਲਈ ਅਰਬਾਂ ਡਾਲਰ ਦੇਣ ਦਾ ਵਾਅਦਾ



ਓਟਵਾ-ਫੈਡਰਲ ਲਿਬਰਲ ਸਰਕਾਰ ਨਕਦੀ ਸੰਕਟ ਨਾਲ ਜੂਝ ਰਹੇ ਸ਼ਹਿਰਾਂ ਸਰਕਾਰੀ ਟਰਾਂਸਪੋਰਟ ਸਿਸਟਮਸ ਲਈ ਅਰਬਾਂ ਡਾਲਰ ਦਾ ਸਥਾਈ ਫੰਡ ਦੇਣ ਦਾ ਵਾਅਦਾ ਕਰ ਰਹੀ ਹੈ ਪਰ ਬਹੁਤਾ ਪੈਸਾ ਦਹਾਕੇ ਦੇ ਅਖੀਰ ਤਕ ਮਿਲਣਾ ਸ਼ੁਰੂ ਨਹੀਂ ਹੋਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 14.9 ਅਰਬ ਡਾਲਰ ਫੰਡਾਂ ਦਾ ਐਲਾਨ ਕੀਤਾ ਜਦੋਂ ਉਨ੍ਹਾਂ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰਾਂ ਦੇ ਮੇਅਰਾਂ ਨਾਲ ਵਰਚੂਅਲ ਮੀਟਿੰਗ ਦੀ ਤਿਆਰੀ ਕੀਤੀ। ਟਰੂਡੋ ਨੇ ਵਰਚੂਅਲ ਨਿਊਜ਼ ਕਾਨਫਰੰਸ ਵਿਚ ਦੱਸਿਆ ਕਿ ਇਹ ਨਿਵੇਸ਼ ਸਬਵੇਅ ਦਾ ਵਿਸਥਾਰ, ਜ਼ਿਫਰ ਨਿਕਾਸੀ ਵਾਲੀਆਂ ਮੋਟਰ ਗੱਡੀਆਂ ਨਾਲ ਫਲੀਟਸ ਨੂੰ ਬਿਜਲਈ ਬਣਾਉਣ ਵਿਚ ਮਦਦ ਕਰਨ ਵਰਗੇ ਵੱਡੇ ਜਨਤਕ ਟਰਾਂਸਪੋਰਟ ਪ੍ਰਾਜੈਕਟਾਂ ਦੀ ਸਹਾਇਤਾ ਕਰੇਗਾ। ਫੰਡਾਂ ਦੀ ਵਰਤੋਂ ਪੈਦਲ ਰਸਤਿਆਂ ਅਤੇ ਸਾਈਕਲਾਂ ਲਈ ਰਸਤਿਆਂ ਦੀ ਵਧ ਰਹੀ ਮੰਗ ਅਤੇ ਦੂਰ ਦੁਰਾਡੇ ਦੇ ਲੋਕਾਂ ਦੀ ਗਤੀਸ਼ੀਲਤਾ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਪ੍ਰਾਜੈਕਟ ਪ੍ਰਦਾਨ ਕਰਨ ਲਈ ਵੀ ਕੀਤੀ ਜਾਵੇਗੀ। ਪ੍ਰਾਜੈਕਟਾਂ ਲਈ ਲਗਪਗ 6 ਅਰਬ ਡਾਲਰ ਮਿਉਂਸਪਲਟੀਸ ਨੂੰ ਤੁਰੰਤ ਉਪਲਬਧ ਹੋਣਗੇ।

# ਬੀ.ਸੀ. ਵਿਚ ਕੋਵਿਡ-19 ਦੇ 449 ਮਾਮਲੇ ਦਰਜ-ਕੁਲ ਗਿਣਤੀ 72305 ਤੱਕ ਪੁੱਜੀ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਕੋਵਿਡ-19 ਦੇ 449 ਮਾਮਲੇ ਦਰਜ ਕੀਤੇ ਗਏ ਹਨ ਅਤੇ ਹੁਣ ਤਕ ਸੂਬੇ ਵਿਚ ਮਾਮਲਿਆਂ ਦੀ ਕੁਲ ਗਿਣਤੀ 72305 ਹੋ ਗਈ ਹੈ। ਸੂਬੇ ਦੀ ਸਿਹਤ ਅਫਸਰ ਡਾ. ਬੌਨੀ ਹੈਨਰੀ ਅਤੇ ਸਿਹਤ ਮੰਤਰੀ ਐਡਰੀਅਨ ਡਿਕਸ ਨੇ ਇਕ ਸਾਂਝੇ ਬਿਆਨ ਵਿਚ ਦੱਸਿਆ ਕਿ ਸੂਬੇ ਵਿਚ ਕੋਵਿਡ-19 ਦੇ 4317 ਮਾਮਲ ਹਨ। ਕੋਵਿਡ-19 ਕਾਰਨ 224 ਵਿਅਕਤੀ ਹਸਪਤਾਲ ਵਿਚ ਹਨ ਜਿਨ੍ਹਾਂ ਵਿਚੋਂ 63 ਆਈਸੀਯੂ ਵਿਚ ਹਨ। ਕੋਵਿਡ-19 ਨਾਲ ਪੀੜਤ ਬਾਕੀ ਮਰੀਜ਼ ਘਰ ਵਿਚ ਇਕਾਂਤਵਾਸ ਨਾਲ ਠੀਕ ਹੋ ਰਹੇ ਹਨ। ਇਸ ਸਮੇਂ ਕੋਵਿਡ-19 ਦੇ ਪਛਾਣ ਵਾਲੇ ਲੋਕ ਜਿਨ੍ਹਾਂ ਨੂੰ ਬਿਮਾਰੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ ਕੁਲ 6869 ਵਿਅਕਤੀ ਹਨ ਅਤੇ ਉਨ੍ਹਾਂ ਨੂੰ ਸਰਗਰਮ ਜਨਤਕ ਸਿਹਤ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ। 66603 ਵਿਅਕਤੀ ਜਿਨ੍ਹਾਂ ਦਾ ਟੈਸਟ ਪਾਜ਼ੇਟਿਵ ਆਇਆ ਸੀ ਹੁਣ ਸਿਹਤਯਾਬ ਹੋ ਚੁੱਕੇ ਹਨ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes


HUGHES & COMPANY
LAW CORPORATION
www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

15428 28 AVENUE

$1,199,000 Subdividable

Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

#603 13308 CENTRAL AVE.

$549,000

Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# ਸ਼ੈਡੋਅ ਕੈਬਨਿਟ ਵਿਚ ਜਸਰਾਜ ਸਿੰਘ ਹੱਲਨ ਨੂੰ ਨਿਯੁਕਤ ਕੀਤਾ ਗਿਆ ਇਮੀਗ੍ਰੇਸ਼ਨ ਕ੍ਰਿਟਿਕ



ਕੈਲਗਰੀ-ਕੈਲਗਰੀ ਫੌਰੈਸਟ ਲਾਅਨ ਤੋਂ ਐਮਪੀ ਜਸਰਾਜ ਸਿੰਘ ਹੱਲਨ ਨੂੰ ਸ਼ੈਡੋਅ ਕੈਬਨਿਟ ਵਿੱਚ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸਿਲ਼ਪ ਕ੍ਰਿਟਿਕ ਨਿਯੁਕਤ ਕੀਤਾ ਗਿਆ ਹੈ। ਆਪਣੀ ਇਸ ਨਿਯੁਕਤੀ ਤੋਂ ਬਾਅਦ ਹੱਲਣ ਨੇ ਆਖਿਆ ਕਿ ਕੈਨੇਡਾ ਨੂੰ ਭਵਿੱਖ ਲਈ ਠੋਸ ਯੋਜਨਾ ਦੀ ਲੋੜ ਹੈ ਕਿਉਂਕਿ ਅਸੀਂ ਕੈਨੇਡੀਅਨਾਂ ਨੂੰ ਮੁੜ ਪੈਰਾਂ ਸਿਰ ਕਰਨਾ ਹੈ ਤੇ ਇਸ ਦੇ ਨਾਲ ਹੀ ਇੱਥੋਂ ਦੀਆਂ ਇਮੀਗ੍ਰੇਸ਼ਨ ਨੀਤੀਆਂ ਜਾਇਜ਼ ਤੇ ਹਮਦਰਦੀ ਭਰੀਆਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ ਹੀ ਕੈਨੇਡਾ ਦਾ ਮਜ਼ਬੂਤ ਆਧਾਰ ਹੈ। ਉਨ੍ਹਾਂ ਆਖਿਆ ਕਿ ਤਿੰਨ ਦਹਾਕੇ ਪਹਿਲਾਂ ਉਹ ਇਮੀਗ੍ਰੈਂਟ ਵਜੋਂ ਆਪਣੇ ਪਰਿਵਾਰ ਸਮੇਤ ਕੈਨੇਡਾ ਆਏ ਸਨ। ਉਨ੍ਹਾਂ ਆਖਿਆ ਕਿ ਹੁਣ ਕੰਜ਼ਰਵੇਟਿਵ ਸ਼ੈਡੋਅ ਕੈਬਨਿਟ ਵਿੱਚ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸਿਲ਼ਪ ਮੰਤਰੀ ਬਣਨ ਤੋਂ ਬਾਅਦ ਉਹ ਅਜਿਹੀਆਂ ਪਾਜ਼ੀਟਿਵ ਨੀਤੀਆਂ ਲਈ ਲੜਨਗੇ ਜਿਸ ਨਾਲ ਦੇਸ਼ ਹਰ ਕਿਸੇ ਲਈ ਬਿਹਤਰ ਥਾਂ ਬਣੇਗਾ। ਕੈਨੇਡਾ ਨੂੰ ਇਸ ਦੇ ਅੱਜ ਦੇ ਮੁਕਾਮ ਤੱਕ ਪਹੁੰਚਾਉਣ ਪਿੱਛੇ ਜਿਨ੍ਹਾਂ ਬਹੁਤ ਸਾਰੇ ਮਹਾਨ ਕੈਨੇਡੀਅਨਾਂ ਦਾ ਹੱਥ ਸੀ ਉਹ ਇਮੀਗ੍ਰੈਂਟਸ ਜਾਂ ਉਨ੍ਹਾਂ ਦੀ ਔਲਾਦ ਹੀ ਸਨ। ਇਸੇ ਲਈ ਕੰਜ਼ਰਵੇਟਿਵ ਦੁਨੀਆਂ ਦੇ ਬਿਹਤਰੀਨ ਇਮੀਗ੍ਰੇਸ਼ਨ ਸਿਸਟਮਜ਼ ਵਿੱਚੋਂ ਇੱਕ ਨੂੰ ਕਾਇਮ ਕਰਨ ਲਈ ਕਮਿਊਨਿਟੀ ਆਗੂਆਂ, ਕਲਚਰਲ ਮੀਡੀਆ ਤੇ ਹੋਰ ਗਰੁੱਪਜ਼ ਨਾਲ ਰਲ ਕੇ ਕੰਮ ਕਰਨਗੇ ਉਨ੍ਹਾਂ ਆਖਿਆ ਕਿ ਐਰਿਨ ਓਟੂਲ ਦੀ ਸੈਲ਼ਡੋਅ ਕੈਬਨਿਟ ਵਿੱਚ ਇਸ ਭੂਮਿਕਾ ਲਈ ਕੰਮ ਕਰਨਾ ਦਾ ਮੌਕਾ ਦਿੱਤੇ ਜਾਣ ਲਈ ਉਹ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਨ।

# 1600 ਕਰਮਚਾਰੀਆਂ ਦੀ ਛਾਂਗੀ ਕਰੇਗੀ ਬੰਬਾਰਡੀਅਰ

ਮਾਂਟਰੀਅਲ-ਬੰਬਾਰਡੀਅਰ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਉਹ ਕੀਮਤਾਂ ਵਿੱਚ ਕਟੌਤੀ ਲਈ 1600 ਕਰਮਚਾਰੀਆਂ ਦੀ ਛਾਂਗੀ ਕਰੇਗੀ। ਕੰਪਨੀ ਦਾ ਕਹਿਣਾ ਹੈ ਕਿ ਇਹ ਕਟੌਤੀਆਂ ਇਸ ਲਈ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਕੰਪਨੀ ਮਾਂਟਰੀਅਲ ਵਿੱਚ ਆਪਣੇ ਗਲੋਬਲ ਏਅਰਕ੍ਰਾਫਟ ਮੁਕੰਮਲ ਕਰਨ ਦੇ ਕੰਮ ਨੂੰ ਇੱਕਸਾਰ ਕਰਨ ਦੀ ਕੋਸਿਲ਼ਸ਼ ਕਰ ਰਹੀ ਹੈ। ਇਸ ਦੇ ਨਾਲ ਹੀ ਕੰਪਨੀ ਆਪਣੀਆਂ ਕਿਊਬਿਕ ਸਥਿਤ ਫੈਸਿਲਿਟੀਜ਼ ਵਿਚਲੇ ਘੱਟ ਵਰਤੋਂ ਵਿੱਚ ਆਉਣ ਵਾਲੇ ਹੈਂਗਰ ਤੇ ਇੰਡਸਟਰੀਅਲ ਥਾਂ ਦਾ ਮੁਲਾਂਕਣ ਵੀ ਕਰ ਰਹੀ ਹੈ। ਬੰਬਾਰਡੀਅਰ ਨੇ ਇਹ ਵੀ ਆਖਿਆ ਕਿ ਉਹ ਇਸ ਸਾਲ ਦੇ ਅੰਤ ਤੱਕ ਲੀਅਰਜੈੱਟ ਏਅਰਕ੍ਰਾਫਟ ਦਾ ਉਤਪਾਦਨ ਵੀ ਬੰਦ ਕਰ ਦੇਵੇਗੀ ਤੇ ਇਸ ਦੀ ਥਾਂ ਉੱਤੇ ਕੰਪਨੀ ਵਧੇਰੇ ਮੁਨਾਫੇ ਵਾਲੇ ਆਪਣੇ ਚੈਲੈਂਜਰ ਤੇ ਗਲੋਬਲ ਏਅਰਕ੍ਰਾਫਟ ਨਾਲ ਜੁੜੇ ਕੰਮਾਂ ਉੱਤੇ ਧਿਆਨ ਕੇਂਦਰਿਤ ਕਰੇਗਾ। ਕੰਪਨੀ ਦਾ ਕਹਿਣਾ ਹੈ ਕਿ ਇਨ੍ਹਾਂ ਕਟੌਤੀਆਂ ਨਾਲ ਇਸ ਸਾਲ ਦੇ ਅੰਤ ਤੱਕ ਉਨ੍ਹਾਂ ਦੀ ਵਰਕਫੋਰਸ 13000 ਰਹਿ ਜਾਵੇਗੀ। ਇਹ ਕਦਮ ਉਸ ਸਮੇਂ ਚੁੱਕਿਆ ਗਿਆ ਹੈ ਜਦੋਂ ਬੰਬਾਰਡੀਅਰ ਨੂੰ 31 ਦਸੰਬਰ ਨੂੰ ਖ਼ਤਮ ਹੋਈ ਤਿਮਾਹੀ ਵਿੱਚ 337 ਮਿਲੀਅਨ ਡਾਲਰ ਦਾ ਘਾਟਾ ਹੋਇਆ ਜਦਕਿ ਇੱਕ ਸਾਲ ਪਹਿਲਾਂ ਕੰਪਨੀ ਨੂੰ 1.72 ਬਿਲੀਅਨ ਡਾਲਰ ਦਾ ਘਾਟਾ ਪਿਆ ਸੀ। ਇਸੇ ਦੌਰਾਨ ਕੰਪਨੀ ਦੀ ਆਮਦਨ 2.34 ਬਿਲੀਅਨ ਡਾਲਰ ਰਹੀ ਜੋ ਕਿ 2.41 ਬਿਲੀਅਨ ਡਾਲਰ ਤੋਂ ਘੱਟ ਸੀ।

# ਕੋਵਿਡ-19 ਵਾਇਰਸ ਵਿੱਚ ਹੋ ਰਹੀਆਂ ਤਬਦੀਲੀਆਂ ਨਾਲ ਮੁੜ ਮਚ ਸਕਦੀ ਹੈ ਤਬਾਹੀ

ਲੰਡਨ-ਯੂਕੇ ਦੇ ਜੈਨੇਟਿਕ ਸਰਵੇਲੈਂਸ ਪ੍ਰੋਗਰਾਮ ਦੀ ਮੁਖੀ ਦਾ ਕਹਿਣਾ ਹੈ ਕਿ ਬ੍ਰਿਟੇਨ ਦੇ ਕੈਂਟ ਰੀਜਨ ਵਿੱਚ ਸੱਭ ਤੋਂ ਪਹਿਲਾਂ ਪਾਏ ਗਏ ਕਰੋਨਾਵਾਇਰਸ ਵੇਰੀਐਂਟ ਨਾਲ ਨਵਾਂ ਖਤਰਾ ਖੜ੍ਹਾ ਹੋ ਸਕਦਾ ਹੈ। ਕੋਵਿਡ-19 ਲਈ ਤਿਆਰ ਕੀਤੀਆਂ ਜਾ ਰਹੀਆਂ ਵੈਕਸੀਨਜ਼ ਦੀ ਸਮਰੱਥਾ ਨੂੰ ਵੀ ਇਸ ਵੇਰੀਐਂਟ ਨਾਲ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਵੇਰੀਐਂਟ ਨਾਲ ਨਾ ਸਿਰਫ ਦੇਸ਼ ਭਰ ਵਿੱਚ ਨੁਕਸਾਨ ਹੋ ਸਕਦਾ ਹੈ ਸਗੋਂ ਪੂਰੀ ਦੁਨੀਆਂ ਵਿੱਚ ਇਹ ਵੇਰੀਐਂਟ ਤਰਥੱਲੀ ਮਚਾਅ ਸਕਦਾ ਹੈ।ਜਿਲ਼ਕਰਯੋਗ ਹੈ ਕਿ ਕਰੋਨਾਵਾਇਰਸ ਕਾਰਨ ਦੁਨੀਆਂ ਭਰ ਵਿੱਚ 2.35 ਮਿਲੀਅਨ ਲੋਕ ਮਾਰੇ ਜਾ ਚੁੱਕੇ ਹਨ ਤੇ ਕਈ ਬਿਲੀਅਨ ਲੋਕਾਂ ਦੀਆਂ ਜਿਲ਼ੰਦਗੀਆਂ ਇਸ ਕਾਰਨ ਪ੍ਰਭਾਵਿਤ ਹੋਈਆਂ ਹਨ।ਪਰ ਕਈ ਹਜ਼ਾਰ ਵੇਰੀਐਂਟਸ ਵਿੱਚੋਂ ਕੁੱਝ ਵੇਰੀਐਂਟਸ ਕਾਰਨ ਨਵੀਂ ਚਿੰਤਾ ਖੜ੍ਹੀ ਹੋ ਗਈ ਹੈ। ਇਨ੍ਹਾਂ ਲਈ ਲੋਕਾਂ ਨੂੰ ਬੂਸਟਰ ਸ਼ੌਟਸ ਦੀ ਲੋੜ ਪੈ ਸਕਦੀ ਹੈ। ਕੋਵਿਡ-19 ਜੈਨੋਮਿਕਸ ਯੂਕੇ ਕੰਨਸੋਰਟੀਅਮ ਦੀ ਡਾਇਰੈਕਟਰ ਸ਼ੈਰਨ ਪੀਕੌਕ ਨੇ ਆਖਿਆ ਕਿ ਅਜੇ ਤੱਕ ਯੂਕੇ ਵਿੱਚ ਪਾਏ ਗਏ ਵੇਰੀਐਂਟਸ ਖਿਲਾਫ ਵੈਕਸੀਨਜ਼ ਅਸਰਦਾਰ ਰਹੀਆਂ ਹਨ ਪਰ ਇਨ੍ਹਾਂ ਵੇਰੀਐਂਟਸ ਵਿੱਚ ਹੋਣ ਵਾਲੀਆਂ ਤਬਦੀਲੀਆਂ ਨਾਲ ਨੁਕਸਾਨ ਦਾ ਖਤਰਾ ਜਿਲ਼ਆਦਾ ਹੈ ਉਨ੍ਹਾਂ ਆਖਿਆ ਕਿ ਸਾਡੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਕਈ ਹਫਤਿਆਂ ਤੇ ਮਹੀਨਿਆਂ ਤੋਂ ਸਰਕੂਲੇਟ ਹੋ ਰਹੇ 1.1.7 ਵੇਰੀਐਂਟ ਵਿੱਚ ਅਗਾਂਹ ਹੋਰ ਤਬਦੀਲੀ ਹੋਣੀ ਸ਼ੁਰੂ ਹੋ ਗਈ ਹੈ। ਇਸ ਨਾਲ ਇਹ ਵਾਇਰਸ ਇੱਕ ਵਾਰੀ ਹੋਰ ਨਵਾਂ ਰੂਪ ਲੈ ਸਕਦਾ ਹੈ ਤੇ ਸਾਡੀ ਇਮਿਊਨਿਟੀ ਨੂੰ ਖੋਰਾ ਲਾ ਸਕਦਾ ਹੈ ਤੇ ਵੈਕਸੀਨਜ਼ ਦੇ ਅਸਰ ਨੂੰ ਖ਼ਤਮ ਕਰ ਸਕਦਾ ਹੈ। ਇਹ ਨਵਾਂ ਵੇਰੀਐਂਟ ਸੱਭ ਤੋਂ ਪਹਿਲਾਂ ਦੱਖਣਪੱਛਮੀ ਇੰਗਲੈਂਡ ਦੇ ਹਿੱਸੇ ਬ੍ਰਿਸਟਲ ਵਿੱਚ ਪਾਇਆ ਗਿਆ। ਹੁਣ ਤੱਕ ਇਸ ਮਿਊਟੇਸ਼ਨ ਦੇ 21 ਮਾਮਲੇ ਮਿਲ ਚੁੱਕੇ ਹਨ ਤੇ ਇਸ ਮਿਊਟੇਸ਼ਨ ਨੂੰ ਈ484ਕੇ ਨਾਂ ਦਿੱਤਾ ਗਿਆ ਹੈ।

# ਟੈਕਸਸ ਵਿਚ 100 ਤੋਂ ਵੱਧ ਗੱਡੀਆਂ ਆਪਸ ਵਿੱਚ ਟਕਰਾਈਆਂ, 6 ਹਲਾਕ

ਟੈਕਸਸ-ਵੀਰਵਾਰ ਸਵੇਰੇ ਟੈਕਸਸ ਵਿੱਚ 100 ਗੱਡੀਆਂ ਤੋਂ ਵੀ ਵੱਧ ਦੇ ਆਪਸ ਵਿੱਚ ਟਕਰਾ ਜਾਣ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ। ਠੰਢ ਵੱਧ ਜਾਣ ਕਾਰਨ ਸੜਕਾਂ ਉੱਤੇ ਜੰਮੀ ਬਰਫ ਤੇ ਸੜਕਾਂ ਤਿਲ੍ਹਕਵੀਆਂ ਹੋਣ ਕਾਰਨ ਡਰਾਈਵਿੰਗ ਲਈ ਖਤਰਨਾਕ ਹਾਲਾਤ ਬਣਨ ਕਾਰਨ ਇਹ ਹਾਦਸਾ ਵਾਪਰਿਆ। ਇਹ ਹਾਦਸਾ ਸਵੇਰੇ 6:00 ਵਜੇ ਵਾਪਰਿਆ। ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਲੋਕ ਵੀ ਆਪਣੀਆਂ ਗੱਡੀਆਂ ਵਿੱਚ ਹੀ ਫਸ ਗਏ। ਹਾਦਸਾ ਫੋਰਟ ਵਰਥ ਵਿੱਚ ਅੰਤਰਰਾਜੀ ਲਾਂਘੇ ਦੇ ਨਾਲ ਹੋਇਆ। ਇਸ ਵਿੱਚ ਕਈ ਕਾਰਾਂ ਤੇ 18 ਵ੍ਹੀਲਰ ਟਰੱਕ ਵੀ ਸ਼ਾਮਲ ਸਨ। ਹਾਦਸੇ ਦਾ ਮੰਜਰ ਇਹ ਸੀ ਕਿ ਕਾਰਾਂ ਇੱਕ ਦੇ ਉੱਪਰ ਦੂਜੀ ਚੜ੍ਹੀਆਂ ਪਈਆਂ ਸਨ, ਟਰੈਕਟਰ ਟਰੇਲਰ ਉਲਟੇ ਪਏ ਸਨ ਤੇ ਕਈ ਗੱਡੀਆਂ ਇੱਧਰ ਉੱਧਰ ਖਿੱਲਰੀਆਂ ਪਈਆਂ ਸਨ। ਫਾਇਰ ਫਾਈਟਰਜ਼ ਮੌਕੇ ਉੱਤੇ ਪਹੁੰਚ ਕੇ ਲੋਕਾਂ ਦੀ ਮਦਦ ਕਰ ਰਹੇ ਸਨ। ਫੋਰਟ ਵਰਥ ਪੁਲਿਸ ਤੇ ਫਾਇਰ ਡਿਪਾਰਟਮੈਂਟਸ ਨਾਲ ਰਲ ਕੇ ਕੰਮ ਕਰ ਰਹੀ ਐਮਰਜੰਸੀ ਸਰਵਿਸਿਜ਼ ਏਜੰਸੀ ਮੈੱਡਸਟਾਰ ਮੋਬਾਈਲ ਹੈਲਥਕੇਅਰ ਦੇ ਬੁਲਾਰੇ ਮੈਟ ਜ਼ਾਵਾਦਸਕੀ ਨੇ ਦੱਸਿਆ ਕਿ 36 ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਇਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਸੀ। ਸਾਰੇ ਦਿਨ ਵਿੱਚ ਇਲਾਕੇ ਦੇ ਕਈ ਹਸਪਤਾਲਾਂ ਵਿੱਚੋਂ 65 ਵਿਅਕਤੀਆਂ ਨੇ ਆਪਣਾ ਇਲਾਜ ਕਰਵਾਇਆ ਤੇ ਇਨ੍ਹਾਂ ਨੰਬਰਾਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਸੀ ਜ਼ਖ਼ਮੀ ਵਿਅਕਤੀਆਂ ਵਿੱਚ ਚਾਰ ਅਧਿਕਾਰੀ ਵੀ ਸ਼ਾਮਲ ਸਨ ਤੇ ਉਨ੍ਹਾਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਇੱਕ ਨਿਊਜ਼ ਕਾਨਫਰੰਸ ਵਿੱਚ ਫੋਰਡ ਵਰਥ ਪੁਲਿਸ ਦੇ ਆਫੀਸਰ ਡੈਨੀਅਲ ਸਗੂਰਾ ਨੇ ਆਖਿਆ ਕਿ ਇਸ ਹਾਦਸੇ ਵਿੱਚ 100 ਤੋਂ ਵੱਧ ਗੱਡੀਆਂ ਸ਼ਾਮਲ ਸਨ ਤੇ ਇੱਕ ਮੀਲ ਤੱਕ ਗੱਡੀਆਂ ਦਾ ਮਲਬਾ ਫੈਲਿਆ ਹੋਇਆ ਸੀ।

SHER TALIB NOTARY PUBLIC
ਨੌਟਰੀ ਪਬਲਿਕ

NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

ਨੌਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੌਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੋਰਟਗੇਜ਼ ਦੀ ਡਾਕੂਮੈਂਟੇਸ਼ਨ
- ਨੌਟਰੀਜ਼ੇਸ਼ਨ
- ਐਫੀਡੇਵਿਟ

BC Notaries
A TRUSTED TRADITION

Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com



GLOBAL INSURANCE

"WE SECURE YOUR VALUES"

Specialist in :
- Home Owners • Business
- Farm • Fleet • Prorate
- Cargo • Visitor to Canada
- ICBC Auto • Travel Medical
- Liability • Tenants
- Private Motorcycle • Boat
- Course of Construction
- Commercial Property
- Rental Home • High Value Homes




GULSHARAN S. WALIA HARVINDER WALIA KANWAR (SUNNY) WALIA

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

Autoplan

New Producers Welcome

Call Now For SUPER VISA INSURANCE

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

ਸੁਪਰ ਵੀਜਾ ਇੰਸ਼ੋਰੈਂਸ ਲਈ
ਅੱਜ ਹੀ ਫੋਨ ਕਰੋ

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

3 LOCATIONS TO SERVE YOU :

www.globalins.ca

| #101 - 2464 Clearbrook Rd. | #102 - 18408 64th Ave. | #115 - 6820 188th St. |
|---|---|---|
| Abbotsford, BC V2T 2X8 | Surrey, BC V3S 1E9 | Surrey, BC V4N 3G6 |
| 604-852-8111 | 604-574-5115 | 604-574-1771 |
| Fax: 604-852-4446 | Fax: 604-574-5116 | Fax: 604-574-1761 |

# RIGHT LINK LOGISTICS LTD.

## HIRING HIRING HIRING HIRING HIRING




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

**Call: +1-604-857-4777 / 778-344-1964**
**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*
***Remote Location? No Problem. We will come to you !***




# ਸਪੈਸ਼ਲ ਸੇਲ !

www.dream-carpets.com

# dream carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor** — 8.3mm thick, 25 years warranty, Click Do It Yourself, German technology — .99 cent

**Commercial Carpet** — Starts From .78 cent

**Berber** — Starts From .78 cent

**Area Rug (5x8)** — Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਗੁਰੀਲਾ ਗਲਿਊ ਨੂੰ ਹੇਅਰ ਸਪਰੇਅ ਵਜੋਂ ਵਰਤਣ ਵਾਲੀ ਔਰਤ ਨੂੰ ਸਰਜਨ ਵਲੋਂ ਪੇਸ਼ਕਸ਼

ਓਟਵਾ-ਇਕ ਔਰਤ ਜਿਹੜੀ ਇਹ ਖੁਲਾਸਾ ਕਰਨ ਪਿੱਛੋਂ ਇੰਟਨੈੱਟ 'ਤੇ ਮਸ਼ਹੂਰ ਹੋ ਗਈ ਕਿ ਉਸ ਨੇ ਹੇਅਰ ਸਪਰੇਅ ਦੀ ਬਜਾਏ ਗੋਰੀਲਾ ਗਲੂ ਵਰਤ ਲਿਆ ਅਤੇ ਇਕ ਮਹੀਨੇ ਤੋਂ ਆਪਣਾ ਸਿਰ ਨਹਾ ਨਹੀਂ ਸਕੀ ਆਖਰਕਾਰ ਰਾਹਤ ਮਿਲ ਸਕਦੀ ਹੈ ਕਿਉਂਕਿ ਇਕ ਪਲਾਸਟਿਕ ਸਰਜਨ ਨੇ ਉਸ ਦੇ ਵਾਲਾਂ ਵਿਚੋਂ ਗੁਰੀਲਾ ਗਲੂ ਨੂੰ ਮੁਫਤ ਵਿਚ ਹਟਾਉਣ ਦੀ ਪੇਸ਼ਕਸ਼ ਕੀਤੀ ਹੈ। ਟੇਸਿਕਾ ਬਰਾਉਨ ਨੇ ਪਿਛਲੇ ਹਫ਼ਤੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਪੋਸਟ ਕਰਕੇ ਆਪਣੀ ਵਿਲੱਖਣ ਮੁਸੀਬਤ ਦਾ ਖੁਲਾਸਾ ਕੀਤਾ ਸੀ। ਇਸ ਵੀਡੀਓ ਨੂੰ ਟਿਕ ਟਾਕ ਤੇ ਇੰਸਟਾਗ੍ਰਾਮ 'ਤੇ 20 ਮਿਲੀਅਨ ਤੋਂ ਵੱਧ ਵਾਰ ਦੇਖਿਆ ਗਿਆ।

# ਨਾਬਾਲਗਾਂ ਨੂੰ ਨਸ਼ਾ ਤੇ ਸ਼ਰਾਬ ਮੁਹੱਈਆ ਕਰਨ ਵਾਲਾ ਗ੍ਰਿਫ਼ਤਾਰ

ਵਿਕਟੋਰੀਆ-ਬੱਚਿਆਂ ਲਈ ਨਸ਼ਾ ਤੇ ਸ਼ਰਾਬ ਖਰੀਦਣ ਵਾਲਾ ਡੈਲਟਾ ਦਾ ਵਿਅਕਤੀ ਮੁਸੀਬਤ ਵਿਚ ਫਸ ਗਿਆ ਹੈ। ਡੈਲਟਾ ਪੁਲਿਸ ਨੇ ਇਹ ਸੂਚਨਾ ਮਿਲਣ ਪਿੱਛੋਂ 4 ਫਰਵਰੀ ਤਸਵਾਸੇਨ ਦਾ 27 ਸਾਲਾ ਵਿਅਕਤੀ ਗ੍ਰਿਫ਼ਤਾਰ ਕੀਤਾ ਕਿ ਕੋਈ ਵਿਅਕਤੀ ਨਾਬਾਲਗਾਂ ਲਈ ਨਸ਼ਾ ਤਸਕਰੀ ਕਰ ਰਿਹਾ ਹੈ ਅਤੇ ਨਾਬਾਲਗਾਂ ਲਈ ਦਾਰੂ ਖਰੀਦ ਰਿਹਾ ਹੈ। ਉਸ ਨੂੰ ਭੰਗ ਤੇ ਸ਼ਰਾਬ ਨਾਬਾਲਗਾਂ ਨੂੰ ਕਥਿਤ ਸਪਲਾਈ ਕਰਨ ਬਦਲੇ ਗ੍ਰਿਫਤਾਰ ਕਰ ਲਿਆ। ਡੈਲਟਾ ਪੁਲਿਸ ਦੇ ਬੁਲਾਰੇ ਕਰਿਸ  ਲੇਅਕੌਫ ਨੇ ਦੱਸਿਆ ਕਿ ਮਾਮਲੇ ਦੀ ਲਗਾਤਾਰ ਜਾਂਚ ਜਾਰੀ ਹੈ। ਸ਼ੱਕੀ ਨੂੰ ਸ਼ਰਤਾਂ ਤਹਿਤ ਰਿਹਾਅ ਕਰ ਦਿੱਤਾ ਹੈ ਅਤੇ ਇਨ੍ਹਾਂ ਸ਼ਰਤਾਂ 'ਤੇ ਪੁਲਿਸ ਨੇੜਿਓਂ ਨਿਗਰਾਨੀ ਰੱਖੇਗੀ। ਪੁਲਿਸ ਨੇ ਬੀਸੀ ਦੇ  ਭੰਗ ਬਾਰੇ ਕਾਨੂੰਨ ਤਹਿਤ ਭੰਗ ਦਾ ਵਿਤਰਣ ਕਰਨ ਅਤੇ ਲੀਕਰ ਕੰਟਰੋਲ ਤੇ ਲਾਇਸੰਸਿੰਗ ਐਕਟ ਤਹਿਤ ਨਾਬਾਲਗਾਂ ਨੂੰ ਸ਼ਰਾਬ ਦੀ ਸਪਲਾਈ ਨਾਲ ਸਬੰਧਤ ਦੋਸ਼ਾਂ ਨੂੰ ਕਰਾਉਨ ਕੋਲ ਪ੍ਰਵਾਨਗੀ ਲਈ ਭੇਜ ਦਿੱਤਾ ਹੈ।

# ਹੈਲਜ ਏਂਜਲ ਦੇ ਮੈਂਬਰ ਦੀ ਟੋਰਾਂਟੋ 'ਚ ਜ਼ਮੀਨਦੋਜ ਗੈਰੇਜ ਵਿਚੋਂ ਗੋਲੀ ਮਾਰ ਕੇ ਹੱਤਿਆ

ਟੋਰਾਂਟੋ-ਮੰਗਲਵਾਰ ਡੈਨਫੋਰਥ ਵਿਚ ਇਕ ਜ਼ਮੀਨਦੋਜ਼ ਪਾਰਕਿੰਗ ਵਿਚ ਹੇਲਸ ਏਂਜਲਸ ਦਾ ਲੰਬਾ ਸਮਾਂ ਮੈਂਬਰ ਰਹੇ 47 ਸਾਲਾ ਵਿਅਕਤੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹੈਰੀ ਲੈਨਸ ਰਾਤ 10.25 ਵਜੇ ਦੇ ਲਗਪਗ ਵੁੱਡਬਾਈਨ ਐਵੀਨਿਊ ਦੇ ਬਿਲਕੁਲ ਪੂਰਬ ਵਿਚ 2301 ਡੈਨਫੋਰਥ ਐਵੀਨਿਊ ਦੇ ਜ਼ਮੀਨਦੋਜ਼ ਗੈਰੇਜ ਵਿਚ ਮਿਲਿਆ। ਉਸ ਦੇ ਕਈ ਗੋਲੀਆਂ ਲੱਗੀਆਂ ਹੋਈਆਂ ਸਨ ਅਤੇ ਉਸ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਟੋਰਾਂਟੋ ਪੁਲਿਸ ਦੇ ਡਿਟੈਕਟਿਵ ਸਾਰਜੈਂਟ ਟੈਰੀ ਬਰਾਉਨ ਨੇ ਕਿਹਾ ਕਿ ਇਹ ਸਪਸ਼ਟ ਰੂਪ ਵਿਚ ਮਿਥ ਕੇ ਕੀਤੀ ਗੋਲੀਬਾਰੀ ਲਗਦੀ ਹੈ। ਸਾਲ ਵਿਚ ਸ਼ਹਿਰ ਵਿਚ ਨੌਵੇਂ ਕਤਲ ਤੇ ਤਿੰਨ ਦਿਨਾਂ ਵਿਚ ਗੋਲੀਬਾਰੀ ਦੀ ਜਾਨਲੇਵਾ ਚੋਥੀ ਘਟਨਾ ਦੀ ਜਾਂਚ ਅਜੇ ਮੁੱਢਲੇ ਪੜਾਅ ਵਿਚ ਹੈ ਇਸ ਲਈ ਅਜੇ ਥੋੜੇ ਵੇਰਵੇ ਉਪਲਬਧ ਹਨ। ਕਿਸੇ ਸ਼ੱਕੀ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ।

# ਸਰੀ ਪੁਲਿਸ ਬੋਰਡ ਮੈਂਬਰ ਵਲੋਂ ਅਸਤੀਫਾ


ਵੈਨਕੂਵਰ-ਸਰੀ ਦੇ ਪੁਲਿਸ ਬੋਰਡ ਦੇ ਐਗਜੈਕਟਿਵ ਮੈਂਬਰ ਜਿਹੜਾ ਪ੍ਰਸ਼ਾਸਨ ਤੇ ਵਿੱਤ ਕਮੇਟੀ ਦਾ ਮੈਂਬਰ ਸੀ ਨੇ ਇਕ ਮਾਰਚ ਨੂੰ  ਵੈਨਕੂਵਰ ਆਈਲੈਂਡ ਜਾਣ ਲਈ ਅਸਤੀਫਾ ਦੇ ਦਿੱਤਾ ਹੈ। ਬੋਰਡ ਦੇ ਅਗਜੈਕਟਿਵ ਡਾਇਰੈਕਟਰ ਮੇਲਿਸਾ ਗਰੈਨਮ ਨੇ ਕਿਹਾ ਕਿ ਮੇਅਰ ਡੱਗ ਮੈਕਲਮ ਨੇ ਸੋਮਵਾਰ ਨੂੰ ਦੱਸਿਆ ਕਿ ਬੌਬ ਰੋਲਸ ਇਕ ਮਾਰਚ ਤਕ ਸੇਵਾ ਨਿਭਾਉਣੀ ਜਾਰੀ ਰੱਖਣਗੇ। ਮੈਕਲਮ ਨੇ ਇਸ ਮੁੱਦੇ ਬਾਰੇ ਕੀਤੀਆਂ ਬੇਨਤੀਆਂ ਦਾ ਜਵਾਬ ਨਹੀਂ ਦਿੱਤਾ। ਗ੍ਰੈਨਮ ਨੇ ਨਾਓ-ਲੀਡਰ ਨੂੰ ਦੱਸਿਆ ਕਿ ਬੌਬ 7 ਸੂਬਾ ਤੇ ਇਕ ਮਿਉਂਸਪਲ ਦਾ ਨਿਯੁਕਤ ਵਿਅਕਤੀ ਹੈ ਅਤੇ ਸ਼ਹਿਰ ਨੂੰ ਬਦਲੀ ਬਾਰੇ ਫ਼ੈਸਲਾ ਕਰਨ ਦੀ ਲੋੜ ਹੋਵੇਗੀ। ਕੌਂਸਲਰ ਜੈਕ ਹੁੰਦਲ ਨੇ ਕਿਹਾ ਕਿ ਉਹ ਰੋਲਸ ਦੇ ਅਸਤੀਫੇ ਤੋਂ ਹੈਰਾਨ ਨਹੀਂ ਹਨ, ਤੁਸੀਂ ਦੇਖਿਆ ਕਿ ਯੋਜਨਾ ਪਹਿਲਾਂ ਕਿਵੇਂ ਵਿਕਸਤ ਕੀਤੀ ਗਈ ਅਤੇ ਹੁਣ ਇਸ ਦੇ ਅੱਗੇ ਰੁਕਾਵਟਾਂ ਹਨ। ਜੈਕ ਹੁੰਦਲ ਨੇ ਕਿਹਾ ਕਿ ਬੌਬ ਪੇਸ਼ਾਵਰ ਹੈ, ਉਨ੍ਹਾਂ ਨੇ ਪੇਸ਼ਾਵਰ ਅਕਸ ਬਣਾਇਆ ਹੈ ਅਤੇ ਉਨ੍ਹਾਂ ਦਾ ਖਿਆਲ ਹੈ ਕਿ ਬਹੁਤ ਸਾਰੇ ਮੁੱਦੇ ਹਨ ਜਿਹੜੇ ਹੁਣ ਸਾਹਮਣੇ ਆ ਰਹੇ ਹਨ।







ਗਰੀਨਵੁੱਡ ਇੰਡੀਆਨਾ (ਅਮਰੀਕਾ) ਵਿਖੇ ਖੇਤੀ ਕਾਨੂੰਨਾਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਮੰਨਾ ਸੰਧੂ, ਅਰਸ਼ ਸੰਧੂ ਤੇ ਲਵਲੀਨ ਕੌਰ ਸੰਧੂ। ਇਸ ਮੌਕੇ ਮੰਨਾ ਸੰਧੂ ਤੇ ਅਰਸ਼ ਸੰਧੂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਜਲਦ ਤੋਂ ਜਲਦ ਪਾਸ ਕੀਤੇ ਕਾਲੇ ਖੇਤੀ ਕਾਨੂੰਨ ਵਾਪਸ ਲਵੇ ਤਾਂ ਕਿ ਲੰਬੇ ਸਮੇਂ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਧਰਨਾ ਲਾ ਕੇ ਬੈਠੇ ਬਜ਼ੁਰਗ, ਬੀਬੀਆਂ ਤੇ ਬੱਚੇ ਆਪਣੇ ਘਰਾਂ ਨੂੰ ਵਾਪਸ ਪਰਤ ਸਕਣ।



# ਆਓ ਜਾਣੀਏ ! ਕਿਵੇਂ ਪੈਂਦਾ ਹੈ ਸ਼ੌਕ ਦਾ ਮੁੱਲ

ਅੱਜ ਦੇ ਤਕਨਾਲੋਜੀ ਦੇ ਯੁੱਗ ਵਿੱਚ ਇੰਟਰਨੈੱਟ ਬਹੁਤ ਜ਼ਰੂਰੀ ਹੋ ਗਿਆ ਹੈ। ਮੋਬਾਈਲ ਜਾਂ ਕੰਪਿਊਟਰ-ਲੈਪਟਾਪ ਇੰਟਰਨੈੱਟ ਤੋਂ ਬਿਨਾਂ ਅਧੂਰਾ ਜਾਪਦਾ ਹੈ। ਇੰਟਰਨੈੱਟ ਹੋਣ ਦੀ ਸੂਰਤ ਵਿੱਚ ਅਸੀਂ ਦਿਨ ਵਿੱਚ ਕਈ ਕਈ ਘੰਟੇ ਆਨਲਾਈਨ ਰਹਿੰਦੇ ਹਾਂ। ਕਦੇ



ਵਟਸਐਪ ਚੈਟਿੰਗ, ਕਦੇ ਫੇਸਬੁੱਕ ਜਾਂ ਫਿਰ ਮਨਪਸੰਦ ਯੂ-ਟਿਊਬ ਵੀਡਿਓਜ਼ ਦੇਖਣ ਲਈ। ਜੇਕਰ ਇੰਟਰਨੈੱਟ ਦੀ ਇਸ ਆਦਤ ਨੂੰ ਕਰੀਅਰ ਬਣਾ ਲਿਆ ਜਾਵੇ ਤਾਂ ਸ਼ੌਕ ਦਾ ਮੁੱਲ ਪੈਣ ਵਾਲੀ ਗੱਲ ਹੋਵੇਗੀ।

ਅੰਕੜਿਆਂ ਅਨੁਸਾਰ ਵਿਸ਼ਵ ਭਰ ਵਿੱਚ 3 ਅਰਬ 42 ਕਰੋੜ ਤੋਂ ਵੱਧ ਇੰਟਰਨੈੱਟ ਵਰਤੋਂਕਾਰ ਹਨ ਤੇ ਹੈਰਾਨੀ ਦੀ ਗੱਲ ਇਹ ਹੈ ਕਿ 46 ਕਰੋੜ ਤੋਂ ਵੱਧ ਇੰਟਰਨੈੱਟ ਵਰਤੋਂਕਾਰ ਸਿਰਫ਼ ਭਾਰਤ ਵਿੱਚ ਹੀ ਹਨ। ਮਾਹਿਰਾਂ ਅਨੁਸਾਰ ਜੇ ਤੁਸੀ ਦਿਨਭਰ ਆਨਲਾਈਨ ਰਹਿੰਦੇ ਹੋ ਤਾਂ 'ਆਨਲਾਈਨ ਕਮਾਈ' ਤੁਹਾਡੀ ਆਮਦਨ ਵਧਾਉਣ ਦਾ ਬਿਹਤਰੀਨ ਵਿਕਲਪ ਬਣ ਸਕਦਾ ਹੈ। ਕਈ ਕੰਪਨੀਆਂ ਤੁਹਾਨੂੰ ਫੇਸਬੁੱਕ 'ਤੇ ਪੇਜ ਲਾਈਕ ਕਰਨ ਅਤੇ ਕੁਮੈਂਟਸ ਕਰਨ ਦੇ ਵੀ ਪੈਸੇ ਦਿੰਦੀਆਂ ਹਨ। ਇਸ ਦੇ ਲਈ ਇੱਕ ਨਿਸ਼ਚਿਤ ਰਾਸ਼ੀ ਦੇ ਨਾਲ ਸਬਸਕ੍ਰਿਪਸ਼ਨ ਲੈ ਕੇ ਆਪਣਾ ਅਕਾਊਂਟ ਬਣਾਉਣਾ ਹੁੰਦਾ ਹੈ। ਕਈ ਕੰਪਨੀਆਂ ਸ਼ਾਪਿੰਗ ਸਾਈਟ 'ਤੇ ਆਪਣੇ ਉਤਪਾਦਾਂ ਦੇ ਪੇਡ-ਰੀਵੀਊ ਵੀ ਕਰਾਉਂਦੀਆਂ ਹਨ ਤਾਂ ਜੋ ਗਾਹਕ ਰੀਵੀਊ ਪੜ੍ਹ ਕੇ ਉਤਪਾਦ ਵੱਲ ਆਕਰਸ਼ਿਤ ਹੋਣ।

## ਕਮਾਈ ਦੇ ਮੌਕੇ ਕਿੱਥੇ-ਕਿੱਥੇ ?

1. ਜੇਕਰ ਤੁਹਾਡੇ ਕੋਲ 'ਐਪ' ਬਣਾਉਣ ਲਈ ਕੋਈ ਨਿਵੇਕਲਾ ਆਈਡੀਆ ਹੈ ਤਾਂ ਤੁਸੀਂ ਕਿਸੇ ਡਿਵੈਲਪਰ ਦੀਆਂ ਸੇਵਾਵਾਂ ਲੈ ਕੇ ਆਪਣੀ 'ਐਪ' ਬਣਾ ਸਕਦੇ ਹੋ। 'ਐਪ' ਬਣਾਉਣ ਤੋਂ ਬਾਅਦ 30-100 ਡਾਲਰ ਦੀ ਸਾਲਾਨਾ ਫੀਸ ਅਦਾ ਕਰਕੇ ਤੁਸੀਂ ਗੂਗਲ, ਐਪਲ, ਮਾਈਕ੍ਰੋਸਾਫਟ ਦੇ ਵਿੰਡੋਜ਼ ਸਟੋਰ 'ਤੇ ਰਜਿਸਟ੍ਰੇਸ਼ਨ ਕਰਵਾ ਸਕਦੇ ਹੋ।
2. ਕਮਾਈ ਦਾ ਇੱਕ ਹੋਰ ਵਧੀਆ ਤਰੀਕਾ ਹੈ ਪੁਰਾਣੇ ਸਾਮਾਨ ਨੂੰ ਘਰ ਬੈਠੇ ਵੇਚਣਾ। ਕਈ ਵੈਬਸਾਈਟਾਂ ਤੁਹਾਨੂੰ ਪੁਰਾਣੇ ਸਾਮਾਨ ਲਈ ਮੁਫ਼ਤ ਇਸ਼ਤਿਹਾਰ ਦੇਣ ਦੀ ਸਹੂਲਤ ਦਿੰਦੀਆਂ ਹਨ, ਜਿਸ ਦੁਆਰਾ ਪੁਰਾਣੇ ਸਾਮਾਨ ਦੀ ਫੋਟੋ olx.in, www.quicker.com ਤੇ www.craigslist.co.in ਵਰਗੀਆਂ ਕਈ ਸਾਈਟਾਂ 'ਤੇ ਅਪਲੋਡ ਕਰਕੇ ਸਾਮਾਨ ਵੇਚਿਆ ਜਾ ਸਕਦਾ ਹੈ।
3. ਜੇ ਤੁਹਾਨੂੰ ਲਿਖਣ ਦਾ ਸ਼ੌਕ ਹੈ ਤਾਂ 'ਆਨਲਾਈਨ-ਰਾਈਟਿੰਗਜ਼' ਨਾਲ ਤੁਸੀ ਘਰ ਬੈਠੇ ਕਮਾਈ ਕਰ ਸਕਦੇ ਹੋ। ਐਮੇਜ਼ਨ ਕਿੰਡਲ ਡਾਇਰੈਕਟ ਪਬਲੀਸ਼ਿੰਗ 'ਤੇ ਜਾ ਕੇ ਕੋਈ ਵੀ ਆਨਲਾਈਨ ਬੁੱਕ ਦਾ ਨਾਂਅ ਲਿਖ ਕੇ ਉਸ ਨੂੰ ਕਿੰਡਲ-ਬੁੱਕਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਦੀ ਵਿਕਰੀ 'ਤੇ 70 ਫੀਸਦੀ ਤੱਕ ਰਾਇਲਟੀ ਮਿਲਦੀ ਹੈ। ਵਧੇਰੇ ਜਾਣਕਾਰੀ ਲਈ kdp.amazon.com 'ਤੇ ਕਲਿੱਕ ਕਰੋ।
4. ਜੇ ਫੋਟੋਗ੍ਰਾਫੀ ਦਾ ਸ਼ੌਕ ਰੱਖਦੇ ਹੋ ਤਾਂ ਘਰ ਬੈਠੇ ਹੀ ਆਪਣੀ ਖਿੱਚੀ ਹੋਈ ਕਿਸੇ ਚੰਗੀ ਫੋਟੋ ਨੂੰ ਆਨਲਾਈਨ ਵੇਚ ਸਕਦੇ ਹੋ। www.shutterstock.com, www.shutterpoint.com, istockphoto.com ਵਰਗੀਆਂ ਕਈ ਵੈਬਸਾਈਟਾਂ ਫੋਟੋਆਂ ਖ਼ਰੀਦ ਕੇ ਇਨ੍ਹਾਂ ਦਾ ਭੁਗਤਾਨ ਕਰਦੀਆਂ ਹਨ। ਇਸ ਦੇ ਨਾਲ 15 ਤੋਂ 85 ਫ਼ੀਸਦੀ ਤੱਕ ਰਾਇਲਟੀ ਪਾ ਸਕਦੇ ਹੋ।
5. ਗੂਗਲ ਐਡਸੈਂਸ (Google Adsense) ਵੀ ਚੋਖੀ ਕਮਾਈ ਦਾ ਜ਼ਰੀਆ ਹੈ। ਤੁਹਾਨੂੰ ਆਪਣੇ ਬਲਾਗ ਅਤੇ ਵੈੱਬਸਾਈਟ 'ਤੇ ਐਡਸੈਂਸ ਅਕਾਊਂਟ ਐਕਟੀਵੇਟ ਕਰਨਾ ਹੁੰਦਾ ਹੈ ਅਤੇ ਗੂਗਲ ਤੁਹਾਨੂੰ ਪ੍ਰਤੀ ਕਲਿੱਕ ਦੇ ਹਿਸਾਬ ਨਾਲ ਭੁਗਤਾਨ ਕਰਦਾ ਹੈ। ਇਸੇ ਤਰ੍ਹਾਂ ਬਾਏ ਸੇਲ ਐਡ (Buysale Ad) ਵੀ ਆਨਲਾਈਨ ਮਾਰਕੀਟਿੰਗ ਦਾ ਮਾਧਿਅਮ ਹੈ, ਜਿਸ ਦੇ ਨਾਲ ਇਸ਼ਤਿਹਾਰ ਸਿੱਧੇ ਹੀ ਵੇਚੇ ਜਾ ਸਕਦੇ ਹਨ। ਬਲਾਗ ਨੂੰ ਦਿੱਤੇ ਇਸ਼ਤਿਹਾਰ ਦੇ ਇਵਜ਼ ਵਿੱਚ ਇਹ ਆਪਣਾ ਕਮਿਸ਼ਨ ਲੈਂਦੇ ਹਨ।
6. ਜੇਕਰ ਤੁਸੀ ਯੂ-ਟਿਊਬ ਦੀ ਵਰਤੋਂ ਸਿਰਫ਼ ਮਨੋਰੰਜਨ ਲਈ ਕਰਦੇ ਹੋ ਤਾਂ ਇਹ ਵੀ ਜਾਣ ਲਓ ਕਿ ਇਸ ਨਾਲ ਕਮਾਈ ਵੀ ਕੀਤੀ ਜਾ ਸਕਦੀ ਹੈ। ਯੂ-ਟਿਊਬ ਤੁਹਾਡੀ ਮੌਲਿਕ ਵੀਡੀਓ ਨੂੰ 'ਆਨਲਾਈਨ ਡਿਸਟ੍ਰੀਬਿਊਟ' ਕਰਕੇ ਉਸ ਤੋਂ ਹੋਣ ਵਾਲੀ ਕਮਾਈ ਵਿੱਚੋਂ ਤੁਹਾਨੂੰ ਹਿੱਸਾ ਦਿੰਦੀ ਹੈ। ਯੂ-ਟਿਊਬ ਪਾਰਟਨਰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਵਰਤੋਂਕਾਰਾਂ ਨੂੰ ਸਭ ਤੋਂ ਪਹਿਲਾਂ ਯੂ-ਟਿਊਬ 'ਤੇ ਜਾ ਕੇ ਅਪਲਾਈ ਕਰਨਾ ਪੈਂਦਾ ਹੈ। ਉਪਭੋਗਤਾਵਾਂ ਨੂੰ ਇਸੇ ਰਜਿਸਟ੍ਰੇਸ਼ਨ ਰਾਹੀਂ ਆਪਣੀਆਂ ਵੀਡੀਓਜ਼ ਅਪਲੋਡ ਕਰਨ ਲਈ ਐਕਸੈੱਸ( ਪਹੁੰਚ) ਮਿਲਦਾ ਹੈ। ਯੂ-ਟਿਊਬ ਦੀ ਤਕਨੀਕੀ ਕਮੇਟੀ ਤੁਹਾਡੀਆਂ ਵੀਡੀਓਜ਼ ਦੀ ਮੌਲਿਕਤਾ ਤੇ ਗੁਣਵੱਤਾ ਦਾ ਪ੍ਰੀਖਣ ਕਰਦੀ ਹੈ। ਇਸ ਤੋਂ ਬਾਅਦ ਵੀਡੀਓ 'ਤੇ ਮਿਲਣ ਵਾਲੇ ਇਸ਼ਤਿਹਾਰ ਦਾ ਹਿੱਸਾ ਤੁਹਾਨੂੰ ਦਿੱਤਾ ਜਾਂਦਾ ਹੈ।

### ਜ਼ਰੂਰੀ ਯੋਗਤਾ ਤੇ ਤਕਨੀਕੀ ਗਿਆਨ

- ਆਨਲਾਈਨ ਕਮਾਈ ਕਰਨ ਲਈ ਯੂ-ਟਿਊਬ, ਫੇਸਬੁਕ, ਵਟਸਐਪ ਦੇ ਹਰੇਕ ਪਹਿਲੂ ਦੀ ਪੂਰੀ ਸਮਝ ਹੋਣੀ ਜ਼ਰੂਰੀ ਹੈ।
- ਤਕਨੀਕੀ ਤੌਰ 'ਤੇ ਇੰਟਰਨੈੱਟ ਦੇ ਗਿਆਨ ਨਾਲ ਇਹ ਰਾਹ ਹੋਰ ਵੀ ਆਸਾਨ ਹੋ ਸਕਦਾ ਹੈ।
- ਇੰਟਰਨੈੱਟ ਨਾਲ ਘਰ ਬੈਠੇ ਕਮਾਈ ਕਰਨ ਲਈ ਤੁਹਾਡੇ ਕੋਲ ਵਧੀਆ ਸਮਾਰਟਫੋਨ, ਇੱਕ ਲੈਪਟਾਪ ਤੇ ਹਾਈ ਸਪੀਡ ਇੰਟਰਨੈੱਟ ਹੋਣਾ ਬੇਹੱਦ ਲਾਜ਼ਮੀ ਹੈ। ਸੁਰੱਖਿਆ ਲਈ 'ਐਂਟੀਵਾਇਰਸ' ਵੀ ਜ਼ਰੂਰੀ ਹੈ।

—ਮਨਿੰਦਰ ਕੌਰ

## ਏਟੀਐਮ ਨਾਲ ਜੁੜੇ ਕੁਝ ਅਹਿਮ ਤੱਥ

ਏਟੀਐਮ ਅੱਜ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਿਆ ਹੈ। ਇਸ ਨਾਲ ਨਕਦੀ ਦੀ ਅਤਿਅੰਤ ਸੌਖ ਹੋ ਗਈ ਹੈ। ਇਸ ਲਈ ਇਹ ਇੱਕ ਕ੍ਰਾਂਤੀਕਾਰੀ ਖੋਜ ਹੈ। ਆਓ ਏਟੀਐਮ ਨਾਲ ਜੁੜੇ ਕੁਝ ਤੱਥ ਜਾਣੀਏ।




1. ਏਟੀਐਮ ਸ਼ਬਦ ਦਾ ਮਤਲਬ ਆਟੋਮੇਟਿਡ ਟੈਲਰ ਮਸ਼ੀਨ ਹੁੰਦਾ ਹੈ।
2. ਏਟੀਐਮ ਦੀ ਖੋਜ ਕਰਨ ਵਾਲੇ ਸਕਾਟਲੈਂਡ ਦੇ ਜੌਨ ਸ਼ੈਫਰਡ ਬੈਰਨ ਦਾ ਜਨਮ 23 ਜੂਨ 1925 ਨੂੰ ਮੇਘਾਲਿਆ ਦੇ ਸ਼ਹਿਰ ਸ਼ਿਲਾਂਗ ਵਿੱਚ ਹੋਇਆ ਸੀ। ਉਸ ਸਮੇਂ ਉਸ ਦੇ ਪਿਤਾ ਸ਼ਿਲਾਂਗ ਵਿੱਚ ਚੀਫ ਇੰਜਨੀਅਰ ਦੀ ਨੌਕਰੀ ਕਰਦੇ ਸਨ।
3. ਜੌਨ ਸ਼ੈਫਰਡ ਬੈਰਨ ਨੇ ਸੋਚਿਆ ਕਿ ਜਿਸ ਤਰ੍ਹਾਂ ਚੌਕਲੇਟ ਮਸ਼ੀਨ ਵਿੱਚੋਂ ਨਿਕਲਦੀ ਹੈ, ਉਸ ਤਰ੍ਹਾਂ ਪੈਸੇ ਕੱਢਣ ਵਾਲੀ ਮਸ਼ੀਨ ਵੀ ਹੋਣੀ ਚਾਹੀਦੀ ਹੈ ਤਾਂ ਜੋ 24 ਘੰਟੇ ਪੈਸੇ ਨਿਕਲ ਸਕਣ।
4. ਪਹਿਲੀ ਏਟੀਐਮ 27 ਜੂਨ 1967 ਨੂੰ ਲੰਡਨ ਦੇ ਬਾਰਕਲੇਜ਼ ਬੈਂਕ ਨੇ ਲਗਾਈ ਸੀ।
5. ਦੁਨੀਆਂ ਵਿੱਚ 30 ਲੱਖ ਏਟੀਐਮ ਹਨ ਅਤੇ ਪੂਰੇ ਭਾਰਤ ਵਿੱਚ ਢਾਈ ਲੱਖ ਏਟੀਐਮ ਹਨ।
6. ਭਾਰਤ ਵਿੱਚ ਪਹਿਲੀ ਏਟੀਐਮ 1987 ਨੂੰ ਹਾਂਗਕਾਂਗ ਐਂਡ ਸ਼ੰਘਾਈ ਬੈਂਕ ਨੇ ਮੁੰਬਈ ਵਿੱਚ ਲਗਾਈ ਸੀ।
7. ਜੌਨ ਸ਼ੈਫਰਡ ਬੈਰਨ ਏਟੀਐਮ ਮਸ਼ੀਨ ਦਾ ਪਾਸਵਰਡ 6 ਅੰਕਾਂ ਦਾ ਕਰਨਾ ਚਾਹੁੰਦੇ ਸਨ ਪਰ ਪਤਨੀ ਦੇ ਕਹਿਣ 'ਤੇ ਇਸ ਨੂੰ 4 ਅੰਕਾਂ ਦਾ ਕਰ ਦਿੱਤਾ ਗਿਆ।
8. ਬਿਨਾਂ ਬੈਂਕ ਖਾਤੇ ਤੋਂ ਏਟੀਐਮ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਭਾਰਤ ਵਿੱਚ ਇਹ ਸੰਭਵ ਨਹੀਂ ਹੈ। ਯੂਰਪ ਦੇ ਰੋਮਾਨੀਆ ਵਿਚਲੀ 84 ਫ਼ੀਸਦੀ ਆਬਾਦੀ ਕੋਲ ਬੈਂਕ ਖਾਤੇ ਨਹੀਂ ਹਨ, ਉਹ ਸਿਰਫ਼ ਏਟੀਐਮ ਦੀ ਵਰਤੋਂ ਕਰਦੇ ਹਨ।
9. ਪਹਿਲੀ ਤੈਰਨ ਵਾਲੀ ਏਟੀਐਮ ਕੇਰਲ ਦੇ ਸ਼ਹਿਰ ਕੋਚੀ ਵਿੱਚ ਸਟੇਟ ਬੈਂਕ ਆਫ ਇੰਡੀਆ ਨੇ ਲਗਾਈ ਸੀ। ਇਸ ਦੀ ਮਾਲਕ ਕੇਰਲਾ ਸ਼ਿਪਿੰਗ ਐਂਡ ਇਨਲੈਂਡ ਨੇਵੀਗੇਸ਼ਨ ਕਾਰਪੋਰੇਸ਼ਨ ਕੰਪਨੀ ਸੀ।
10. ਏਟੀਐਮ ਵਿੱਚੋਂ ਪੈਸੇ ਹੀ ਨਹੀਂ, ਸੋਨਾ ਵੀ ਨਿਕਲਦਾ ਹੈ। ਪਹਿਲੀ ਸੋਨਾ ਕੱਢਣ ਵਾਲੀ ਮਸ਼ੀਨ ਆਬੂਧਾਬੀ ਦੇ ਅਮੀਰਾਤ ਹੋਟਲ ਵਿੱਚ ਲਾਈ ਗਈ, ਜਿਸ ਵਿੱਚੋਂ 350 ਤਰ੍ਹਾਂ ਦੀਆਂ ਸੋਨੇ ਦੀਆਂ ਆਈਟਮਾਂ ਨਿਕਲਦੀਆਂ ਹਨ।
11. ਦੁਨੀਆਂ ਦੀ ਸਭ ਤੋਂ ਉੱਚੀ ਏਟੀਐਮ ਨਾਥੂਲਾ ਵਿੱਚ ਲਾਈ ਗਈ ਹੈ। ਇਹ ਏਟੀਐੱਮ ਸਮੁੰਦਰ ਤਲ ਤੋਂ 14300 ਫੁੱਟ ਉਚਾਈ 'ਤੇ ਹੈ। ਇਹ ਭਾਰਤ-ਚੀਨ ਸੀਮਾ ਉਤੇ ਫ਼ੌਜ ਲਈ ਲਾਈ ਗਈ ਹੈ।
12. ਅੰਟਾਰਕਟਿਕਾ ਵਿੱਚ ਸਿਰਫ਼ ਇੱਕ ਹੀ ਏਟੀਐਮ ਹੈ।
13. ਬ੍ਰਾਜ਼ੀਲ ਵਿੱਚ ਏਟੀਐਮ ਵਿੱਚੋਂ ਪੈਸੇ ਕਢਾਉਣ ਲਈ ਪਾਸਵਰਡ ਦੀ ਥਾਂ ਫਿੰਗਰ ਪ੍ਰਿੰਟਜ਼ ਦੀ ਵਰਤੋਂ ਹੁੰਦੀ ਹੈ।
14. ਕਈ ਵਾਰ ਚੋਰ ਪੂਰੀ ਏਟੀਐਮ ਨੂੰ ਪੁੱਟ ਕੇ ਲੈ ਜਾਂਦੇ ਹਨ ਤਾਂ ਉਹ ਬਹੁਤੀ ਦੂਰ ਨਹੀਂ ਜਾ ਸਕਦੇ, ਕਿਉਂਕਿ ਏਟੀਐਮ ਵਿੱਚ ਜੀਪੀਐੱਸ ਲੱਗਾ ਹੁੰਦਾ ਹੈ।
15. ਏਟੀਐਮ ਲਈ ਵਰਤਿਆ ਜਾਣ ਵਾਲਾ 1234 ਪਾਸਵਰਡ 11 ਫ਼ੀਸਦੀ ਲੋਕਾਂ ਦਾ ਹੈ ਅਤੇ ਸਭ ਤੋਂ ਘੱਟ ਪਾਸਵਰਡ 8068 ਹੈ।
16. ਪਾਸਵਰਡ 1234 ਨੂੰ ਜੇਕਰ ਉਲਟਾ ਕਰਕੇ 4321 ਭਰ ਦੇਈਏ ਤਾਂ ਨਜ਼ਦੀਕੀ ਪੁਲੀਸ ਸਟੇਸ਼ਨ ਵਿੱਚ ਪਤਾ ਲੱਗ ਜਾਂਦਾ ਹੈ ਕਿ ਇਹ ਝੂਠ ਹੈ।

—ਬੇਅੰਤ ਬਾਜਵਾ



# ਝੜਦੇ ਵਾਲ ਕੋਈ ਹੱਸਣ ਵਾਲੀ ਗੱਲ ਨਹੀਂ



ਸਾਡੀਆਂ ਪ੍ਰਯੋਗਸ਼ਾਲਾਵਾਂ ਵਿਚ ਗ੍ਰਾਹਕਾਂ ਦੁਆਰਾ ਪੁੱਛੇ ਜਾਣ ਵਾਲੇ ਸਭ ਤੋਂ ਆਮ ਪ੍ਰਸ਼ਨ ਹਨ:

**(1) ਮੇਰੇ ਵਾਲ ਕਿਉ ਝੜ ਰਹੇ ਹਨ ?**

**(2) ਕੀ ਮੈਂ ਆਪਣੀ ਮਦਦ ਕਰਨ ਲਈ ਕੁਝ ਕਰ ਸਕਦਾ ਹਾਂ ?**

ਆਦਮੀ ਅਤੇ ਔਰਤਾਂ ਦੇ ਵਾਲ ਝੜਨ ਦੇ ਬਹੁਤ ਸਾਰੇ ਕਾਰਨ ਹਨ, ਉਨ੍ਹਾਂ ਵਿਚੋਂ ਕੁਝ ਹਨ:

(1) ਹਾਰਮੋਨਲ ਅਸੰਤੁਲਨ (2) ਵਾਲਾਂ ਨੂੰ ਰੰਗਣ ਨਾਲ ਹੋਣ ਵਾਲਾ ਨੁਕਸਾਨ, ਪਰਮਿੰਗ ਆਦਿ

(3) ਤਣਾਅ (4) ਸਾਫ ਸਫਾਈ ਨਾ ਰਖਣਾ (5) ਗਲਤ ਖਾਣ-ਪੀਣ

(6) ਬੀਮਾਰੀ ਅਤੇ ਕਈ ਹੋਰ ਕਾਰਨ.

ਕੀ ਤੁਸੀਂ ਹੇਠਾਂ ਲਿਖੀਆਂ ਤਬਦੀਲੀਆਂ ਵੇਖ ਰਹੇ ਹੋ ?

**(1) ਵਧੇਰੇ ਵਾਲ ਝੜਦੇ ਹੋਣ (2) ਸਿਕਰੀ (3) ਖਾਰਸ਼ ਹੋਣਾ**

**(4) ਜ਼ਿਆਦਾ ਤੇਲ ਰਹਿਣਾ (5) ਖੁਸ਼ਕੀ**

**(6) ਚੀਰ ਦਾ ਵੱਡਾ ਹੋਣਾ (7) ਵਾਲ ਹਲਕੇ ਹੋਣਾ**

ਜੇ ਤੁਸੀਂ ਉਪਰੋਕਤ ਨੂੰ ਨੋਟ ਕਰ ਰਹੇ ਹੋ, ਤਾਂ ਤੁਸੀਂ ਆਪਣੀ ਵਾਲ ਗਵਾਉਣੇ ਸ਼ੁਰੂ ਹੋ ਗਏ ਹੋ। ਤੁਹਾਡੇ ਵਾਲ ਝੜਨ ਅਤੇ ਖੋਪੜੀ ਦੀ ਸਥਿਤੀ ਨੂੰ ਠੀਕ ਕਰਨ ਲਈ ਇਹ ਫੈਸਲਾ ਕਰਨ ਤੋਂ ਪਹਿਲਾਂ, ਅਸੀਂ ਜੋਰਦਾਰ ਸਿਫਾਰਿਸ਼ ਕਰਦੇ ਹਾਂ ਕਿ ਤੁਹਾਨੂੰ ਇੱਕ ਵਿਜ਼ੂਅਲਾਈਜੇਸ਼ਨ ਮਾਈਕਰੋਸੋਪਿਕ ਟੈਸਟ ਕਰਵਾਉਣਾ ਚਾਹੀਦਾ ਹੈ। ਇਹ ਤੁਹਾਡੇ ਵਾਲ ਝੜਨ ਦੀ ਸਮੱਸਿਆ ਦਾ ਮੂਲ ਕਾਰਨ ਸਮਝਣ ਵਿੱਚ ਮਦਦ ਕਰੇਗਾ, ਅਤੇ ਕਿਵੇਂ ਤੁਸੀ ਆਪਣੀ ਸਥਿਤੀ ਨੂੰ ਸਹੀ ਕਰ ਸਕਦੇ ਹੋ।

**ਇਸ ਵੇਲੇ ਵਿਜ਼ੂਅਲਾਈਜੇਸਨ ਮਾਈਕਰੋਸਕੋਪਿਕ ਟੈਸਟ ਕੋਈ ਖਰਚਾ ਨਹੀਂ ਹੈ।**

ਕਿਰਪਾ ਕਰਕੇ ਮੁਲਾਕਾਤ ਕਰਨ ਲਈ ਕਾਲ ਕਰੋ.

## ਐਚ ਐਫ ਲੇਜ਼ਰ ਸਕਿਨ ਕਲਿਨਿਕ

**Vancouver, BC**

3077 Granville St #100, Vancouver, BC V6H 3J9

**604 423-6044**

**www.Hairfreeclinics.com www.micronlabs.com**

ਅਸੀਂ ਤੁਹਾਡੀ ਸਮੱਸਿਆ ਨੂੰ ਹੱਲ ਸਕਦੇ ਹਾਂ, ਤੁਹਾਨੂੰ ਇਕ ਗੰਜਾ ਆਦਮੀ ਹੋਣ ਦੀ ਕੋਈ ਲੋੜ ਨਹੀਂ।



# ਜੋ ਜੋ ਦੀਸੈ ਸੋ ਸੋ ਰੋਗੀ



ਕਲਵੰਤ ਸਿੰਘ ਸਹੋਤਾ
604-589-5919

ਦੇਖਣ ਨੂੰ ਆਪਾਂ ਬਾਹਰੋਂ ਸਭ ਠੀਕ ਠਾਕ ਲਗਦੇ ਹਾਂ, ਪਰ ਸਾਨੂੰ ਅੰਦਰੋਂ ਕੋਈ ਨਾਂ ਕੋਈ ਰੋਗ ਜਰੂਰ ਹੁੰਦੈ ਬਾਣੀ 'ਚ ਆਉਂਦਾ " ਜੋ ਜੋ ਦੀਸੈ ਸੋ ਸੋ ਰੋਗੀ।। ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।।" ਰੋਗ ਚਾਹੇ ਸਰੀਰਕ ਹੋਵੇ, ਮਾਨਸਿਕ ਹੋਵੇ,ਭਾਵਨਾਵਾਂ ਦਾ ਹੋਵੇ ਜਾਂ ਕੋਈ ਭੀ। ਬਹੁਤੀ ਵਾਰੀ ਰੋਗ ਨੂੰ ਲੁਕਾਉਂਦੇ ਹੋਏ ਉਸ ਨੂੰ ਦੱਸਣ ਤੋਂ ਵੀ ਝਿਜਕਦੇ ਹਾਂ, ਪਰ ਚਿਰੀਂ ਝੱਬੇ ਇਹ ਜ਼ਾਹਿਰ ਹੋ ਜਾਂਦਾ ਹੈ ਕਿ ਫਲਾਣੇ ਬੰਦੇ ਨੂੰ ਫਲਾਣਾਂ ਰੋਗ ਹੈ ਰੋਗ ਈਰਖਾ ਦਾ ਹੋਵੇ, ਦੁਵੈਤ ਦਾ ਹੋਵੇ ਤੁਸੀਂ ਦੱਸਦੇ ਥੋੜੇ ਹੋ ਕਿ ਮੈਂ ਫਲਾਣੇ ਨਾਲ ਈਰਖਾਂ ਕਰਦਾ ਹਾਂ: ਤੁਹਾਡੇ ਬੋਲ ਚਾਲ, ਗੱਲ ਬਾਤ ਕਰਨ ਦੇ ਤੌਰ ਤਰ ਤਰੀਕੇ ਤੋਂ ਹੀ ਸਾਫ ਝਲਕ ਆਉਂਦਾ ਹੈ ਕਿ ਇਹ ਤਾਂ ਈਰਖਾ ਦਾ ਰੋਗੀ ਹੈ ਦੂਸਰਿਆਂ ਦੀ ਚੜ੍ਹਤ ਦੇਖ ਕੇ ਸੜਨਾਂ, ਉਹਨਾਂ ਪ੍ਰਤੀ ਸਿਫ਼ਤ ਸਲਾਹ ਸੁਣ ਕੇ ਨੱਕ ਬੁੱਲ ਚਾੜਨਾਂ, ਇਹ ਈਰਖਾ ਦਾ ਰੋਗ ਹੀ ਹੈ। ਅੱਗੋਂ ਇਹੀ ਸੋਚ ਮਾਨਸਿਕ ਰੋਗਾਂ ਵਲ ਨੂੰ ਤੁਰਦੀ ਹੈ। ਸਰੀਰਕ ਰੋਗ ਚੰਬੜਦੇ ਹਨ ਜਿਨ੍ਹਾਂ ਦਾ ਅੰਤ ਹੀ ਕੋਈ ਨਹੀਂ।

**"ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ।।**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ।।81।।**

ਬਾਬਾ ਫਰੀਦ ਦੇ ਇਸ ਸਲੋਕ ਦੇ ਪ੍ਰਥਾਏ ਵੀ ਚਾਹੇ ਉਹ ਅੱਗ ਘਰੇਲੂ ਕਲੇਸ਼ਾਂ ਦੀ ਹੈ, ਮਾਨਸਿਕ ਰੋਗਾਂ ਦੀ ਹੈ ਜਾਂ ਸਰੀਰਿਕ ਰੋਗਾਂ ਦੀ, ਇ੍ਹਨਾ ਰੋਗਾਂ ਦੀ ਧੂਣੀ 'ਚ ਸੜਦੇ ਹੀ ਅਸੀਂ ਜਾਂਦੇ ਹਾਂ। ਇਹ ਸਭ ਕੁੱਝ ਹੋਣ ਦੇ ਬਾਵਜੂਦ ਵੀ ਅਸੀਂ ਜੀਵਨ ਜਿਉਦੇ ਹਾਂ ਤੇ ਇ੍ਹਨਾਂ ਹਾਲਤਾਂ 'ਚ ਜੀਵਨ ਬਤੀਤ ਕਰਨ ਦੀ ਜਾਂਚ ਵੀ ਨਾਲੋ ਨਾਲ ਆਈ ਜਾਂਦੀ ਹੈ ਤੇ ਇੰਜ ਇਹ ਜ਼ਿੰਦਗੀ ਦਾ ਸਫ਼ਰ ਅੱਗੇ ਤੁਰਿਆ ਜਾਂਦਾ ਹੈ। ਭਾਵੇਂ ਅਤਿਅੰਤ ਦੁਖੀ ਤੇ ਔਖੇ ਕਿਉਂ ਨਾਂ ਹੋਵੋ ਇ੍ਹਨਾਂ ਰੋਗਾਂ ਕਰਕੇ: ਪਰ ਜਦੋਂ ਤੁਹਾਨੂੰ ਪਤਾ ਲੱਗੇ ਕਿ ਫਲਾਣਾਂ ਤੁਹਾਡੇ ਨਾਲੋਂ ਵੀ ਔਖਾ ਹੈ ਤਾਂ ਤੁਹਾਡਾ ਦੁੱਖ ਆਪਣੇ ਆਪ ਹੀ ਘਟ ਗਿਆ ਲਗਦਾ ਹੈ, ਤੇ ਇੰਜ ਤੁਸੀਂ ਰੋਗੀ ਹੁੰਦੇ ਹੋਏ ਵੀ ਥੋੜੇ ਚਿਰ ਲਈ ਅਰੋਗ ਹੋ ਗਏ ਲਗਦੇ ਹੋ।

ਹਰ ਇੱਕ ਬੰਦੇ ਦਾ ਆਪਣੀ ਜਿੰਦਗੀ ਦਾ ਸਫਰ ਹੈ, ਤੇ ਹਰ ਇੱਕ ਨੇ ਆਪਣਾਂ ਸਫਰ ਪੂਰਾ ਕਰਕੇ, ਸਮਾਂ ਆਉਣ ਤੇ ਇਸ ਸੰਸਾਰ ਤੋਂ ਕੂਚ ਕਰ ਤੁਰਦੇ ਬਣਨਾਂ ਹੈ।ਕਿਸ ਰੋਗ ਨਾਲ ਜਾਣਾਂ ਹੈ, ਕਿਸ ਰੋਗ 'ਚ ਗ੍ਰਸਤ ਰਹਿ, ਪੀੜ ਹੋ ਕੇ ਜਾਣਾਂ ਹੈ, ਇਸ ਦਾ ਵੀ ਕੋਈ ਥਹੁ ਪਤਾ ਨਹੀਂ: ਜਿੰਨਾਂ ਚਿਰ, ਉਸ ਰੋਗ ਰੂਪੀ ਬੇਲਣੇ 'ਚ ਪੀੜ ਹੋਣ ਨਾਂ ਲੱਗੀਏ। ਦਿਲ ਦੇ ਰੋਗ ਨੇ ਤੁਹਾਨੂੰ ਆ ਖਾਣਾਂ ਹੈ, ਕੈਂਸਰ ਨੇ ਤੁਹਾਨੂੰ ਢਾਹ ਲੈਣਾਂ ਹੈ; ਸਟਰੋਕ ਨੇ ਤੁਹਾਨੂੰ ਅਧਰੰਗ ਕਰ ਕੱਦੂ ਵਾਂਗ, ਬਾੜ ਰੂਪੀ ਮੰਜੇ ਤੇ ਸੁੱਟ ਕੇ ਮਾਰਨਾਂ ਹੈ ਜਾਂ ਹੋਰ ਕੁੱਝ ਇਸ ਦਾ ਵੀ ਕੋਈ ਪਤਾ ਨਹੀਂ।ਨਾਲ਼ੋ ਨਾਲ਼ ਇਸ ਗੱਲ ਦਾ ਵੀ ਧਿਆਨ ਰਹਿਣਾਂ ਚਾਹੀਦਾ ਹੈ ਕਿਜੇ ਆਪਾਂ ਇੰਜ ਰੋਗਾਂ ਤੋਂ ਡਰਦੇ, ਸੋਚੀਂ ਪੈ, ਢੇਰੀ ਢਾਹ ਕੇ ਬੈਠ ਜਾਈਏ ਤੰਦਰੁਸਤ ਹੁੰਦਿਆਂ ਹੋਇਆਂ, ਇਹ ਵੀ ਤਾਂ ਇਕ ਰੋਗ ਹੈ! ਇ੍ਹਨਾਂ ਵਾਰੇ ਚੇਤਨ ਰਹਿਣਾਂ ਜਾਂ ਸੋਚ ਵਿਚਾਰ ਕਰਦੇ ਰਹਿਣਾਂ, ਸੰਤੁਲਤ ਭੋਜਨ ਕਰਨ ਦੇ ਆਦੀ ਹੋਣਾਂ ; ਕਸਰਤ ਨੂੰ ਆਪਣੇ ਰੋਜ਼ਾਨਾਂ ਜੀਵਨ ਦਾ ਅੰਗ ਬਣਾਉਣਾਂ; ਸਿਹਤਮੰਦ ਨਿਗਰ ਸੋਚ ਦੇ ਧਾਰਨੀਂ ਹੋਣਾਂ; ਔਖੇ ਸਮੇ 'ਚ ਵੀ ਮਨ ਨੂੰ ਉਸਾਰੂ ਪਾਸੇ ਧੂ, ਚੜਦੀ ਕਲ੍ਹਾ 'ਚ ਰਹਿਣਾਂ; ਇੱਤ ਆਦਿ ਰਾਹ ਅਪਣਾ ਅਸੀਂ ਰੋਗਾਂ ਦੀ ਪੀੜ ਨੂੰ ਘਟਾ ਸਕਦੇ ਹਾਂ। ਇੰਜ ਖਿਆਲਾਂ, ਵਿਚਾਰਾਂ ਦਾ ਅਰਦਾਨ ਪ੍ਰਦਾਨ ਕਰ ਕਰਾ ਮਨ ਦੀ ਗੱਡੀ ਨੂੰ ਮੁੜ ਲੀਹ ਤੇ ਲਿਆ ਸਕਦੇ ਹਾਂ।

ਤੁਸੀਂ ਤੁਰੇ ਜਾਂਦੇ ਹੋ, ਕੋਲ ਦੀ ਕੋਈ ਸਾਈਕਲ ਸਵਾਰ ਲੰਘਿਆ ਤਾਂ ਤੁਹਾਨੂੰ ਲੱਗਿਆ ਕਿ ਇਹ ਬੰਦਾ ਕਿੰਨਾਂ ਕਿਸਮਤ ਵਾਲਾ ਹੈ ਕਿ ਇਸ ਕੋਲ ਸਾਈਕਲ ਹੈ। ਸਾਈਕਲ ਵਾਲੇ ਦੇ ਕੋਲ਼ ਦੀ ਮੋਟਰ ਸਾਈਕਲ ਵਾਲਾ ਲੰਘਿਆ ਤਾਂ ਸਾਈਕਲ ਸਵਾਰ ਸੋਚੇਗਾ ਕਿ ਇਹ ਮੋਟਰ ਸਾਈਕਲ ਸਵਾਰ ਮੇਰੇ ਨਾਲੋਂਵਧੀਆ ਸਵਾਰੀ ਰੱਖਦਾ ਹੈ। ਪਰ ਜੇ ਜਰਾ ਗਹੁ ਨਾਲ ਸੋਚੀਏ ਕਿ ਜੇ ਸਾਈਕਲ ਸਵਾਰ ਮਾਨਸਿਕ ਰੋਗੀ ਹੋਵੇ, ਤੇ ਮੋਟਰਸਾਈਕਲ ਸਵਾਰ ਸਰੀਰਿਕ ਰੋਗੀ ਹੋਵੇ ਤੇ ਤੁਸੀਂ ਤੰਦਰੁਸਤ ਹੋਵੋ: ਹੁਣ ਜ਼ਰਾ ਸੋਚਣ ਵਾਲੀ ਗੱਲ ਹੈ ਕਿ ਤੁਸੀਂ ਇਹ ਵਿਚਾਰ ਮਨ 'ਚ ਲਿਆ ਕੇ ਕਿ ਇੱਕ ਕੋਲ ਸਾਈਕਲ ਹੈ ਤੇ ਦੂਸਰੇ ਕੋਲ ਮੋਟਰਸਾਈਕਲ, ਆਪਣੇ ਆਪ ਨੂੰ ਰੋਗੀ ਬਣਾ ਲਿਆ। ਇਸ ਸੋਚ ਨੇ ਮਨ ਅੰਦਰ ਦੁਬਿਧਾ ਖੜੀ ਕਰ ਦਿੱਤੀ; ਤੁਸੀਂ ਚੰਗੇ ਭਲੇ ਤੰਦਰੁਸਤ, ਰਿਸ਼ਟ ਪੁਸ਼ਟ ਤੁਰੇ ਜਾਂਦੇ ਦੁਬਿਧਾ ਦੇ ਰੋਗ ਦਾ ਸ਼ਿਕਾਰ ਹੋ ਗਏ। ਇਸ ਸੋਚ ਨੇ ਮਾਨਸਿਕ ਬਿਰਤੀ ਵਿਗਾੜ ਦਿੱਤੀ। ਮਨ ਖਿਆਲਾਂ ਦੀ ਲੜਾਈ ਲੜਦਾ ਹੈ, ਕਦੇ ਜਿੱਤਦਾ ਹੈ ਤੇ ਕਦੇ ਹਾਰਦਾ ਹੈ। ਯਾਦ ਰੱਖੀਏ ਕਿ ਤਾਜ਼ਾ, ਸਵੱਛ ਤੇ ਨਿੱਗਰ ਸੋਚ ਹਮੇਸ਼ਾਂ ਮਨ ਨੂੰ ਖੇੜਾ ਦਏਗੀ: ਉਸ ਦੇ ਆਦੀ ਹੋਣ ਦਾ ਯਤਨ ਕਰੀਏ।

ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ। ਡਾਕਟਰਾਂ ਦੇ ਦਫਤਰ ਰੋਗੀਆਂ ਨਾਲ ਭਰੇ ਰਹਿੰਦੇ ਹਨ। ਕੁੱਝ ਮਰੀਜ ਡਾਕਟਰ ਤੋਂ ਦੁਆਈ ਲੈ ਤੰਦਰੁਸਤ ਹੋ ਜਾਂਦੇ ਹਨ; ਕੁੱਝ ਨੂੰ ਹਸਪਤਾਲਾਂ 'ਚ ਭਰਤੀ ਹੋਣਾਂ ਪੈਂਦਾ ਹੈ ਤੇ ਠੀਕ ਹੋ ਕੇ ਘਰਾਂ ਨੂੰ ਪਰਤ ਆਉਂਦੇ ਹਨ: ਕੁੱਝ ਠੀਕ ਹੋ ਹੀ ਨਹੀਂ ਸਕਦੇ, ਜਿਹਨਾਂ ਨੂੰ ਕੇਅਰ/ ਸੀਨੀਅਰਜ਼ ਹੋਮਾਂ 'ਚ ਜਮਾਂ ਹੋਣਾਂ ਪੈਂਦਾ ਹੈ: ਤੇ ਕੁੱਝ ਨੂੰ, ਜਿ੍ਹਨਾਂ ਨੂੰ ਡਾਕਟਰ ਸਮਝਦੇ ਹਨ ਕਿ ਇਹ ਨਾਂ ਤਾਂ ਘਰ ਵਾਪਸ ਜਾ ਸਕਦੇ ਹਨ ਅਤੇ ਨੂੰ ਹੀ ਕੇਅਰ ਹੋਮਾਂ 'ਚ ਰਹਿ ਸਕਦੇ ਹਨ ਤੇ ਇਹਨਾਂ ਦਾ ਅੰਤ ਅਵੱਸ਼ ਨੇੜੇ ਦਿਸਦਾ ਹੈ, ਉਹਨਾਂ ਨੂੰ ਪੈਲਿਟਿਵ ਕੇਅਰ 'ਚ ਭੇਜ ਦਿੰਦੇ ਹਨ: ਜਿਸ ਦਾ ਮਤਲਬ ਕਿ ਉਹ ਅੱਜ ਵੀ ਮਰੇ ਤੇ ਕੱਲ ਵੀ। ਹੁਣ ਜ਼ਰਾ ਤਰਤੀਬ ਨਾਲ ਮੁਕਾਬਲਾ ਕਰੀਏ ਕਿ ਪੈਲਿਟਿਵ ਕੇਅਰ ਵਾਲੇ ਨਾਲ਼ੋਂ ਤਾਂ ਕੇਅਰ ਹੋਮ ਵਾਲ਼ਾ ਮਰੀਜ਼ ਚੰਗਾ, ਅੱਗੇ ਕੇਅਰ ਹੋਮ ਵਾਲ਼ੇ ਨਾਲ਼ੋਂ ਜੋ ਮਰੀਜ਼ ਹਸਪਤਾਲ 'ਚ ਜਮ੍ਹਾਂ ਸੀ, ਚਾਹੇ ਉਹ ਮਾਨਸਿਕ ਰੋਗ ਕਰਕੇ ਸੀ ਤੇ ਚਾਹੇ ਸਰੀਰਕ ਰੋਗ ਕਰਕੇ ਤੇ ਸਮਾਂ ਪਾ ਕੇ ਜੇ ਉਹ ਠੀਕ ਹੋ ਕੇ ਘਰ ਆਪਣੇ ਪਰਿਵਾਰ ਕੋਲ ਚਲਾ ਗਿਆ, ਉਹ ਤਾਂ ਉੱਪਰ ਦੱਸੀਆਂ ਕੈਟੇਗਰੀਆਂ ਵਾਲਿਆਂ ਨਾਲੋ ਚੰਗਾ ਹੋਇਆ: ਇਲਾਜ ਕਰਾ ਘਰ ਤਾਂ ਚਲਾ ਗਿਆ ਹੁਣ ਅੱਗੇ ਸੋਚੋ ਜਿਹੜਾ ਬਿਮਾਰ ਤਾਂ ਸੀ ਪਰ ਡਾਕਟਰ ਕੋਲੋਂ ਦੁਆਈ ਲੈ, ਨੇਮ ਨਾਲ਼ ਖਾ, ਘਰ ਹੀ ਰਾਜੀ ਹੋ ਗਿਆ, ਉਹ ਤਾਂ ਸਾਰਿਆਂ ਨਾਲੋਂ ਹੀ ਚੰਗਾ ਹੋਇਆ।-ਹਣ ਅੱਗੇ ਹੋਰ ਸੋਚੋ, ਜਿਹੜਾ ਬਿਮਾਰ ਹੀ ਨਹੀਂ, ਨਾਂ ਤਾਂ ਉਹ ਹਸਪਤਾਲ ਗਿਆ, ਨਾਂ ਹੀ ਡਾਕਟਰ ਦੇ ਗਿਆ, ਉਹ ਤਾਂ ਸਭ ਨਾਲੋਂ ਹੀ ਚੰਗਾ ਹੋਇਆ। ਅੱਗੇ ਜ਼ਰਾ ਧਿਆਨ ਨਾਲ ਗੌਰ ਕਰੀਏ ਕਿ ਜੇ ਬੰਦਾ ਤੰਦਰੁਸਤ ਹੁੰਦਾ ਹੋਇਆ, ਆਪਣੀ ਜ਼ਿੰਦਗੀ ਦੀਆਂ ਕੁੱਝ ਗਿਣੀਆਂ ਮਿਥੀਆਂ ਲੋੜਾਂ ਦੀ ਪੂਰਤੀ ਨਾਂ ਹੋਣ ਕਰਕੇ ਦੁਖੀ ਤੇ ਆਰਜੀ ਰੋਗੀ ਬਣਦਾ ਜਾਏ ਜਾਂ ਬਣਿਆਂ ਰਹੇ ਤਾਂ ਇਹ ਤਾਂ ਗਲਤ ਹੈ ਨਾਂਹ! ਇਹ ਤਾਂ ਨੌਂ ਵਰ ਨੌਂ ਹੁੰਦਿਆਂ, ਸਿਰਫ ਸੋਚ ਕਰਕੇ ਹੀ ਰੋਗੀ ਬਣਨ ਵਾਲੀ ਗੱਲ ਹੈ। ਇੱਥੇ ਉਸ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਮੁਕਾਬਲਾ ਤੇ ਤਵਾਜ਼ਨ ਕਰੋ ਕਿ ਪੈਲਿਟਿਵ ਕੇਅਰ, ਹੋਮ ਕੇਅਰ, ਹਸਪਤਾਲ 'ਚ ਭਰਤੀ ਮਰੀਜ਼ ਤੇ ਡਾਕਟਰ ਤੋਂ ਦੁਆਈ ਖਾਂਦੇ ਮਰੀਜ਼ਾਂ ਨਾਲੋ ਤਾਂ ਉਹ ਕਰੋੜਾਂ ਦਰਜੇ ਚੰਗਾ ਹੋਇਆ। ਉਸ ਨੂੰ ਤਾਂ ਸਿਰਫ ਉਸ ਦੀ ਸੋਚ ਨੇ ਹੀ ਬਿਮਾਰ ਕਰ ਦਿੱਤਾ; ਗੱਲ ਸੋਚ ਦੀ ਹੀ ਹੈ। ਸੋਚ ਹੀ ਤੁਹਾਨੂੰ ਰੋਗੀ ਬਣਿਆਂ ਲੱਗਣ ਲਾ ਦਏਗੀ ਤੇ ਸੋਚ ਹੀ ਰੋਗੀ ਬਣਿਆਂ ਨੂੰ ਤੰਦਰੁਸਤ ਬਣਿਆਂ ਮਹਿਸੂਸ ਕਰਨ ਲਗਾ ਦਏਗੀ।

ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਦੀ ਵਾਧ ਘਾਟ ਹੋਣਾਂ ਵੀਮਨ ਨੂੰ ਰੋਗੀ ਬਣਾ ਦਿੰਦਾ ਹੈ, ਤੇ ਚੰਗੇ ਭਲੇ ਸਾਂਵਾਂ ਜੀਵਨ ਜਿਉਂਦੇ ਹੋਏ, ਹੋਰਾਂ ਦੇ ਉਲ਼ਝੇ ਹੋਏ ਜੀਵਨ ਨੂੰ ਆਪਣੇ ਨਾਲੋਂ ਵਧੀਆ ਹੋਣ ਦਾ ਭੁਲੇਖਾ ਖਾ, ਚੰਗੇ ਭਲੇ ਤੁਸੀਂ ਵਧੀਆ ਸਾਵਾਂ ਜੀਵਜਨ ਬਤੀਤ ਕਰਦੇ, ਸੋਚ ਦੇ ਰੋਗੀ ਹੋ ਗਏ।- ਗੱਲ ਇੱਥੇ ਹੀ ਨਹੀਂ ਮੁੱਕਦੀ, ਰੋਗਾਂ ਦੀ ਇੱਕ ਲੜੀ ਬਣਨ ਲੱਗਦੀ ਹੈ, ਜਿਹੜੀ ਅੱਗੇ ਤੋਂ ਅੱਗੇ ਤੁਰੀ ਹੀ ਜਾਂਦੀ ਹੈ ਤੇ ਇੰਜ ਤੁਸੀਂ ਸੱਚੀਂ ਹੀ ਰੋਗੀ ਬਣ ਜਾਂਦੇ ਹੋ। ਮਾਨਸਿਕ ਰੋਗ ਸਰੀਰਕ ਰੋਗਾਂ ਨੂੰ ਜਨਮ ਦਿੰਦਾ ਹੈ ਤੇ ਸਰੀਰਕ ਰੋਗ ਮਾਨਸਿਕ ਰੋਗਾਂ ਨੂੰ: ਇੰਜ ਦੁਬੱਲੇ ਰੋਗਾਂ ਦਾ ਮਿਲਗੋਭਾ ਬਣ ਜਾਂਦਾ ਹੈ।-ਅੱਧਾ ਗਿਲਾਸ ਪਾਣੀ ਵਾਲੀ ਗੱਲ ਹੈ।ਅੱਧਾ ਗਿਲਾਸ ਪਾਣੀ ਹੈ, ਆਪਾਂ ਇਸ ਨੂੰ ਅੱਧਾ ਭਰਿਆ ਕਹਾਂਗੇ ਤਾਂ ਗੱਲ ਉਸਾਰੂ ਹੈ, ਜੇ ਅੱਧਾ ਖਾਲੀ ਕਹਾਂਗੇ ਤਾਂ ਗੱਲ ਨਿਰਾਸ਼ਾਬਾਦੀ ਹੈ। ਗਲਾਸ ਪਾਣੀ ਦਾ ਅੱਧਾ ਹੀ ਹੈ, ਗੱਲ ਕਰਨ ਦੀ ਤੇ ਸੋਚ ਦੀ ਹੀ ਹੈ। ਸਿਰਫ ਵਿਚਾਰ ਦੀ ਵਿਧੀ ਨੇ ਹੀ ਅੱਧਾ ਗਿਲਾਸ ਭਰਿਆ ਕਹਿਣਾਂ ਹੈ ਤੇ ਇਸੇ ਨੇ ਹੀ ਅੱਧਾ ਖਾਲੀ ਕਹਿਣਾਂ ਹੈ: ਪਾਣੀਂ ਵਧਣਾਂ ਘਟਣਾਂ ਨਹੀਂ, ਪਾਣੀ ਵੀ ਉਤਨਾਂ ਹੀ ਰਹਿਣਾਂ ਹੈ ਤੇ ਗਿਲਾਸ ਵੀ ਉਹੀ, ਸਿਰਫ ਵਿਚਾਰ ਦੀ ਗੱਲ ਹੈ।

ਅੱਗੇ ਮੈਂ ਇਕ ਉਧਾਹਰਣ ਦੇ ਕੇ ਇਸ ਲੇਖ ਦੀ ਸਮਾਪਤੀ ਕਰਾਂਗਾ। ਇੱਕ ਦਿਨ ਮੈ ਵੱਡੇ ਬੌਕਸ ਸਟੋਰ ਦੀ ਫਾਰਮੇਸੀ 'ਚ ਦੁਆਈ ਲੈਣ ਲਈ ਕਤਾਰ 'ਚ ਖੜਾ ਸਾਂ, ਉੱਥੇ ਹੀ ਮੇਰਾ ਇੱਕ ਬਹੁਤ ਪੁਰਾਣਾਂ ਵਾਕਫ ਸਨੇਹੀ ਆ ਮਿਲਿਆ; ਖੜ੍ਹਿਆਂ ਖੜ੍ਹਿਆਂ ਆਪਸੀ ਪਰਿਵਾਰਾਂ ਦੀ ਸੁੱਖਸਾਂਦ ਪੁੱਛਣ ਲੱਗੇ ਤਾਂ ਪਤਾ ਲੱਗਾ ਕਿ ਉਸ ਦੀ ਜੀਵਨ ਸਾਥਣ ਦੀ ਸਰਜਰੀ ਹੋਈ ਹੈ ਤੇ ਉਪਰੰਤ ਕੁਝ ਅੜਚਣਾਂ ਆ ਰਹੀਆਂ ਹਨ ਤੇ ਸਿਹਤ ਠੀਕ ਨਹੀਂ ਰਹਿੰਦੀ। ਅੱਗੇ ਨਾਲ ਹੀ ਉਸ ਜਿਕਰ ਕੀਤਾ ਕਿ ਉਸ ਦੇ ਪਿਤਾ ਜੀ ਨੂੰ ਕਈ ਸਾਲ ਹੋਏ ਸਟਰੋਕ ਹੋ ਗਿਆ ਸੀ, ਪਰ ਹੁਣ ਸਿਹਤ ਬਿਗੜ ਗਈ ਹੈ। ਉਸ ਦੀ ਮਾਤਾ ਸਾਲਾਂ ਵੱਧੀ ਉਸ ਦੀ ਦੇਖ ਭਾਲ ਕਰਦੀ ਰਹੀ ਤੇ ਹੁਣ ਉਸ ਨੂੰ ਵੀ ਸਟਰੋਕ ਹੋ ਗਿਆ ਹੈ: ਹੁਣ ਤਿੰਨਾਂ ਦੀ ਦੇਖ ਭਾਲ ਉਹ ਕਰਦਾ ਹੈ। ਇਹ ਸੁਣ ਕੇ ਮੇਰੇ ਮਨ ਨੂੰ ਬੜਾ ਦੁੱਖ ਹੋਇਆ ਤੇ ਮਨ ਉਦਾਸ ਭੀ ਕਿ ਕਿਸ ਤ੍ਰਾਂਬੰਦੇ ਦੀ ਜ਼ਿਦਗੀ 'ਚ ਮੋੜਾ ਆਉਂਦਾ ਹੈ; ਨਾਲ ਹੀ ਮੈਂ ਉਸ ਦੇ ਹੋਰ ਕਰੀਬੀ ਰਿਸ਼ਤੇਦਾਰ ਦਾ ਹਾਲ ਪੁੱਛ ਬੈਠਾ ਤਾਂ ਉਹ ਬੋਲਿਆ ਕਿ ਉਸ ਦਾ ਸਰੀਰ ਬਹੁਤ ਭਾਰੀ ਹੋ ਗਿਆ ਹੈ ਤੇ ਉਸ ਨੂੰ ਸੀਜ਼ਰ ਹੁੰਦੇ ਹਨ, ਅੱਗੇ ਲਗਦੇ ਈ ਹੱਥ ਦੱਸ ਦਿੱਤਾ ਕਿ ਉਸ ਦੀ ਪਤਨੀ ਦੀ ਵੀ ਨਿਗ੍ਹਾ ਬੰਦ ਹੋ ਗਈ ਹੈ, ਤੇ ਨਾਲ ਹੀ ਕਈ ਹੋਰ ਉਹਨਾਂ ਦੇ ਪਰਿਵਾਰ ਦੇ ਬਿਖੇੜੇ ਬਿਆਨ ਕਰ ਦਿੱਤੇ। ਗੱਲ ਹੁੰਦੀ ਹੁੰਦੀ ਉਸ ਅੱਗੇ ਦੱਸਿਆ ਕਿ ਉਸ ਦੇ ਸਹੁਰੇ ਨੂੰ ਵੀ ਸਟਰੋਕ ਹੋ ਗਿਆ ਸੀ, ਸੱਸ ਉਸ ਦੀ ਸੇਵਾ ਕਰਦੀ ਸੀ, ਉਹ ਵੀ ਅਕਾਲ ਚਲਾਣਾਂ ਕਰ ਗਈ।- ਦੁਆਈ ਲੈਣ ਵਾਲਿਆਂ ਦੀ ਕਤਾਰ ਲੰਬੀ ਸੀ, ਮੇਰੇ ਵਾਂਗ ਉਸ ਨੂੰ ਵੀ ਕਾਹਲੀ ਸੀ ਕਿ ਛੇਤੀਂ ਦੁਆਈ ਲੈ ਕੇ ਘਰ ਪਹੁੰਚੇ, ਕਾਹਲ ਦਾ ਕਾਰਣ ਉਸ ਦੱਸਿਆ ਕਿ ਉਸ ਦੀ ਪਤਨੀ ਦੇ ਚਾਚੇ ਦੇ ਪੁੱਤ ਦੀ ਮੌਤ ਹੋ ਗਈ, ਦੋ ਘੰਟੇ ਨੂੰ ਉਸ ਦੇ ਦਾਗ ਹਨ ਤੇ ਕਾਹਲ ਨਾਲ ਉਸ ਨੇ ਉੱਥੇ ਪਹੁੰਚਣਾਂ ਹੈ। ਮੇਰੇ ਅੰਦਰ ਅੰਤਾਂ ਦੀ ਹਮਦਰਦੀ ਕਰਵਟਾਂ ਲੈ ਰਹੀ ਸੀ ਪਰ ਕਰ ਮੈਥੋਂ ਕੁਝ ਨਹੀਂ ਸੀ ਹੋਣਾਂ; ਮੇਰਾ ਮਨ ਇਹਨਾਂ ਸੋਚਾਂ'ਚ ਗੇੜੇ ਦੇ ਰਿਹਾ ਸੀ ਤਾਂ ਅੱਗੋਂ ਉਹ ਕਹਿਦਾ ਕਿ ਮੈਂ ਤਾਂ ਬਿਮਾਰਾਂ ਦੀ ਦੇਖ ਭਾਲ ਕਰਦਾ ਹੀ ਬਿਮਾਰ ਹੋਇਆ ਪਿਆਂ। ਇਹ ਗੱਲਾਂ ਸੁਣ ਮੇਰੇ ਮਨ ਨੂੰ ਗਹਿਰਾ ਹੁਝਕਾ ਤੇ ਝਟਕਾ ਵੱਜਿਆ ਕਿ ਬਿਮਾਰ ਤਾਂ ਮੈਂ ਵੀ ਹਾਂ, ਮੇਰੀ ਵੀ ਓਪਨ ਹਰਟ ਸਰਜਰੀ ਹੋਈ ਹੋਈ ਹੈ ਤੇ ਦੁਆਈਆਂ ਖਾਣੀਆਂ ਪੈ ਰਹੀਆਂ ਹਨ: ਉਸ ਦੇ ਮੁਲਾਬਲੇ ਮੇਰੇ ਕਸ਼ਟ ਤਾਂ ਨਾਂ ਮਾਤਰ ਹੀ ਹਨ। ਮੈਨੂੰ ਆਪਣਾ ਆਪ ਨੌਂ ਵਰ ਨੌਂ, ਤੰਦਰੁਸਤ ਲੱਗਣ ਲੱਗ ਪਿਆ। ਉਹ ਚੰਗਾ ਭਲਾ ਤੰਦਰੁਸਤ ਹੁੰਦਾ ਹੋਇਆ ਵੀ ਮੈਨੂੰ ਰੋਗੀ ਲੱਗੇ। ਮੇਰਾ ਜੀਅ ਕਾਹਲ਼ਾ ਪਏ ਕਿ ਛੇਤੀਂ ਇੱਥੋਂ ਦੁਆਈ ਲੈ ਕੇ ਬਾਹਰ ਨਿੱਕਲ਼ਾਂ ਵਰਨਾਂ ਕੋਈ ਹੋਰ ਵਾਕਫਕਾਰ ਜੇ ਮਿਲ ਪਿਆ ਤਾਂ ਪਰਿਵਾਰਕ ਰਾਜੀ ਖੁਸ਼ੀ ਸਾਂਝੀ ਕਰਦਿਆਂ ਕੋਈ ਹੋਰ ਅਜਿਹਾ ਬਿਰਤਾਂਤ ਨਾਂ ਸੁਣਾ ਦਏ। ਬਾਹਰ ਨੂੰ ਦਬਾ ਦਬ ਨਿਕਲਦਿਆਂ ਜਿਹੜਾ ਵੀ ਕੋਈ ਅੱਗੇ ਪਿੱਛੇ ਦਿਸੇ, ਰੋਗੀ ਹੀ ਲੱਗੇ ਤੇ ਨਾਲੇ ਯਾਦ ਆਵੇ ' ਜੋ ਜੋ ਦੀਸੈ ਸੋ ਸੋ ਰੋਗੀ...' ।

ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਦੀ ਵਾਧ ਘਾਟ ਹੋਣਾਂ ਵੀਮਨ ਨੂੰ ਰੋਗੀ ਬਣਾ ਦਿੰਦਾ ਹੈ, ਤੇ ਚੰਗੇ ਭਲੇ ਸਾਂਵਾਂ ਜੀਵਨ ਜਿਉਂਦੇ ਹੋਏ, ਹੋਰਾਂ ਦੇ ਉਲ਼ਝੇ ਹੋਏ ਜੀਵਨ ਨੂੰ ਆਪਣੇ ਨਾਲੋਂ ਵਧੀਆ ਹੋਣ ਦਾ ਭੁਲੇਖਾ ਖਾ, ਚੰਗੇ ਭਲੇ ਤੁਸੀਂ ਵਧੀਆ ਸਾਵਾਂ ਜੀਵਜਨ ਬਤੀਤ ਕਰਦੇ, ਸੋਚ ਦੇ ਰੋਗੀ ਹੋ ਗਏ।- ਗੱਲ ਇੱਥੇ ਹੀ ਨਹੀਂ ਮੁੱਕਦੀ, ਰੋਗਾਂ ਦੀ ਇੱਕ ਲੜੀ ਬਣਨ ਲੱਗਦੀ ਹੈ, ਜਿਹੜੀ ਅੱਗੇ ਤੋਂ ਅੱਗੇ ਤੁਰੀ ਹੀ ਜਾਂਦੀ ਹੈ ਤੇ ਇੰਜ ਤੁਸੀਂ ਸੱਚੀਂ ਹੀ ਰੋਗੀ ਬਣ ਜਾਂਦੇ ਹੋ। ਮਾਨਸਿਕ ਰੋਗ ਸਰੀਰਕ ਰੋਗਾਂ ਨੂੰ ਜਨਮ ਦਿੰਦਾ ਹੈ ਤੇ ਸਰੀਰਕ ਰੋਗ ਮਾਨਸਿਕ ਰੋਗਾਂ ਨੂੰ, ਇੰਜ ਦੁਬੱਲੇ ਰੋਗਾਂ ਦਾ ਮਿਲਗੋਭਾ ਬਣ ਜਾਂਦਾ ਹੈ।

48 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri 604-377-4085
Lalit (Nitu) 604-339-1599
Amarjit Singh 778-908-0523
Arya Bhalla 778-788-2429
Hardam S. Maan 604-308-6663
Shashi Madan 604-367-5611
Shirin Mitha 604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

feb 13

ਕੈਨੇਡੀਅਨ ਜੱਟ ਸਿੱਖ ਪਰਿਵਾਰ ਆਪਣੇ 30 ਸਾਲ, ਕੱਦ 6'0 ਸੋਹਣੇ ਲੜਕੇ ਲਈ ਲੜਕੀ ਦੀ ਭਾਲ ਕਰ ਰਹੇ ਹਨ। ਲੜਕੇ ਨੇ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਤੋਂ ਬੀ.ਬੀ.ਏ(BBA) ਕੀਤੀ ਹੋਈ ਹੈ ਅਤੇ ਪੇਸ਼ੇਵਰ ਚਾਰਟਰਡ ਅਕਾਉਂਟੈਂਟ ਹੈ। ਲੜਕੀ ਕੈਨੇਡੀਅਨ ਨਾਗਰਿਕ ਜਾਂ ਪੀ.ਆਰ ਹੋਣੀ ਚਾਹੀਦੀ ਹੈ। ਸੰਪਰਕ:778-878-3959 ਜਾਂ ਈਮੇਲ: kjsbrar9@yahoo.ca

ਜੱਟ ਸਿੱਖ ਗਿੱਲ ਪਰਿਵਾਰ ਦਾ ਲੜਕਾ ਉਮਰ 28 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ, ਕਲੀਨ ਸ਼ੇਵ ਕੈਨੇਡੀਅਨ ਪੀ.ਆਰ. ਵਾਸਤੇ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 604-655-3336 ਜਾਂ ਈਮੇਲ: happy9284@yahoo.com

### ਲੜਕੇ ਦੀ ਲੋੜ

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ– 604-761-7580 ਜਾਂ 604-599-8237

feb 13

ਕੈਨੇਡੀਅਨ ਪੀ.ਆਰ. ਸੈਣੀ ਸਿੱਖ, ਉਮਰ 29 ਸਾਲ ਕੱਦ 5'3", ਐਮ. ਟੈਕ, ਇਮੀਗਰਾਂਟ ਕਨਸਲਟੈਂਟ ਦੀ ਸਟੱਡੀ ਕਰ ਰਹੀ ਸੁਨੱਖੀ ਲੜਕੀ ਵਾਸਤੇ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਸਰਕਾਰੀ ਨੌਕਰੀ ਕਰਦੇ ਹਨ। ਸੰਪਰਕ– 604-902-5319 (ਵਟਸ ਐਪ) ਜਾਂ ਈਮੇਲ: gurdevsiaini0020@gmail.com

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ: ਸਾਹਿਬ ਸਿੰਘ : 778-863-9000**

## ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ। ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਨਿੱਜੀ ਲਾਂਡਰੀ ਹੈ। ਕੋਈ ਪਾਲਤੂ ਜਾਨਵਰ ਨਹੀਂ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

jan 30

## MATRIMONIALS

ਜੱਟ ਸਿੱਖ ਲੜਕਾ ਉਮਰ 27 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ ਕੈਨੇਡੀਅਨ ਪੀ.ਆਰ ਵਾਸਤੇ ਪੀ.ਆਰ, ਵਿਜ਼ਟਰ ਜਾਂ ਸਟੂਡਿੰਟ ਸੁੰਦਰ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ: 604-300-2361 ਜਾਂ ਇੰਡੀਆ: 94174-80918

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

ਪਾਰਟ ਟਾਈਮ ਤਜਰਬੇਕਾਰ ਐਂਡ ਡੰਪ ਡਰਾਈਵਰ ਦੀ ਜਰੂਰਤ ਹੈ। ਖੁਦਾਈ ਦੇ ਤਜਰਬੇ ਦੇ ਨਾਲ, ਉਸ ਨੂੰ ਆਪਣੇ ਆਪ ਟਰੱਕ ਲੋਡ ਕਰਨ ਦਾ ਤਜਰਬਾ ਹੋਣਾ ਚਾਹੀਦਾ ਹੈ। ਸਹੀ ਤਜਰਬੇਕਾਰ ਵਿਅਕਤੀ ਲਈ ਫੁਲ ਟਾਇਮ ਕੰਮ ਹੋ ਸਕਦਾ ਹੈ। ਤਨਖਾਹ ਲਈ ਸਮਝੌਤਾ ਕਰ ਸਕਦੇ ਹਾਂ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

feb 13

ਰਿਚਮੰਡ ਵਿਚ ਫਾਰਮ ਹਾਊਸ ਲਈ ਪਾਰਟ ਟਾਈਮ ਆਮ ਲੇਬਰ ਦੀ ਜ਼ਰੂਰਤ ਹੈ। ਮਸ਼ੀਨ ਦੇ ਤਜਰਬੇ ਵਾਲੇ ਨੂੰ ਤਰਜੀਹ ਮਿਲੇਗੀ। ਤਨਖਾਹ $16 ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

feb 13

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800

## ਕੰਮ ਦਾ ਸੁਨਿਹਰੀ ਮੌਕਾ

ਸਟਾਰ ਲਾਈਟ ਟਰਾਂਸਪੋਰਟ ਕੰਪਨੀ ਵਾਲਿਆਂ ਨੂੰ ਸਾਰੇ ਕਨੇਡਾ ਅਤੇ ਅਮਰੀਕਾ ਲਈ ਟਰੱਕ ਡਰਾਈਵਰਾਂ ਦੀ ਜ਼ਰੂਰਤ ਹੈ। LMI ਅਤੇ SINP ਪ੍ਰਦਾਨ ਕੀਤੀ ਜਾ ਸਕਦੀ ਹੈ। ਅਸੀਂ ਯੂ ਐਸ ਏ ਵੀਜ਼ਾ ਪ੍ਰਾਪਤ ਕਰਨ ਵਿਚ ਵੀ ਮਦਦ ਕਰ ਸਕਦੇ ਹਾਂ। ਚੰਗੀ ਤਨਖਾਹ। ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ।

**ਹੋਰ ਜਾਣਕਾਰੀ ਲਈ ਜਤਿੰਦਰ ਬਰਾੜ ਨੂੰ ਕਾਲ ਕਰੋ**

**1-306-535-5555**

# ਜਦੋਂ ਮੈਂ ਆਈਲੈੱਟਸ ਦੀ ਟਰੇਨਿੰਗ ਲਈ



**ਐਡਵੋਕੇਟ ਲਵਲੀਨ ਸਿੰਘ**

ਹਾਲ ਹੀ ਵਿੱਚ ਮੈਂ ਆਈਲੈੱਟਸ ਦੀ ਪ੍ਰੀਖਿਆ ਦਿੱਤੀ ਤੇ ਉਸ ਸਾਰੇ ਘਟਨਾਕ੍ਰਮ ਵਿੱਚੋਂ ਗੁਜ਼ਰਿਆ, ਜੋ ਇਸ ਪ੍ਰੀਖਿਆ ਤੋਂ ਪਹਿਲਾਂ ਤੇ ਬਾਅਦ ਵਾਪਰਦਾ ਹੈ। ਮੇਰੀ ਸ਼ੁਰੂਆਤ ਵੀ ਆਈਲੈੱਟਸ ਦੀ ਟਰੇਨਿੰਗ ਤੋਂ ਹੋਈ। ਆਈਲੈੱਟਸ ਲਈ ਟਰੇਨਿੰਗ ਦੇਣ ਵਾਲੇ ਅਦਾਰੇ ਪੰਜਾਬ ਵਿੱਚ ਖੁੰਬਾਂ ਵਾਂਗ ਉੱਗ ਆਏ ਹਨ। ਸ਼ਹਿਰਾਂ ਦੇ ਕਈ ਇਲਾਕੇ ਇਨ੍ਹਾਂ ਆਦਾਰਿਆਂ ਦਾ ਗੜ੍ਹ ਬਣ ਚੁੱਕੇ ਹਨ। ਅਕਸਰ ਇਨ੍ਹਾਂ ਅਦਾਰਿਆਂ ਦੀ ਹੋਰਡਿੰਗ ਉੱਤੇ ਹੁਸੀਨ ਔਰਤ ਦੀ ਤਸਵੀਰ ਛਪੀ ਹੁੰਦੀ, ਜਿਸ ਦੇ ਹੱਥਾਂ ਵਿੱਚ ਕਿਤਾਬਾਂ ਹੁੰਦੀਆਂ ਹਨ ਤੇ ਉਸ



ਦੇ ਸੁਨਹਿਰੀ ਵਾਲ ਕਿਸੇ ਵਿਦੇਸ਼ੀ ਯੂਨੀਵਰਸਿਟੀ ਦੀ ਰੁਮਕਦੀ ਹਵਾ ਵਿੱਚ ਲਹਿਰਾ ਰਹੇ ਹੁੰਦੇ ਹਨ। ਅਜਿਹੀਆਂ ਕਈ ਤਰਕੀਬਾਂ ਸਹਾਰੇ ਲੱਖਾਂ ਵਿਦਿਆਰਥੀਆਂ ਨੂੰ ਸੁਪਨੇ ਵੇਚੇ ਜਾਂਦੇ ਹਨ।

ਆਪਣੀ ਟਰੇਨਿੰਗ ਦੌਰਾਨ ਮੇਰੀ ਮੁਲਾਕਾਤ ਕਈ ਅਜਿਹੇ ਨੌਜਵਾਨਾਂ ਨਾਲ ਹੋਈ, ਜੋ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ 'ਤੇ ਖੜ੍ਹੇ ਹਨ। ਕੋਈ ਬਾਰ੍ਹਵੀਂ ਦੀ ਪ੍ਰੀਖਿਆ ਦੇ ਚੁੱਕਾ ਸੀ, ਕੋਈ ਡਿਗਰੀ ਧਾਰਕ ਸੀ ਤੇ ਕਈ ਨੌਕਰੀਪੇਸ਼ਾ ਸੀ। ਇਨ੍ਹਾਂ ਸਭ ਨੂੰ ਮਿਲ ਕੇ ਮੈਂ ਇਸ ਨਤੀਜੇ 'ਤੇ ਪੁੱਜਿਆ ਕਿ ਬਹੁਤੇ ਸਕੂਲ-ਕਾਲਜ ਵਿਦਿਆਰਥੀ ਦੀ ਸ਼ਖ਼ਸੀਅਤ ਨਿਖਾਰਨ ਵਿੱਚ ਬਣਦਾ ਯੋਗਦਾਨ ਨਹੀਂ ਪਾ ਰਹੇ। ਇਸ ਦੇ ਸਿੱਟੇ ਵਜੋਂ ਨੌਜਵਾਨਾਂ ਵਿੱਚ ਆਤਮ-ਵਿਸ਼ਵਾਸ ਦੀ ਕਮੀ ਰਹਿ ਜਾਂਦੀ ਹੈ। ਬਹੁਤੇ ਨੌਜਵਾਨਾਂ ਵਿੱਚ ਅੰਗਰੇਜ਼ੀ ਨੂੰ ਲੈ ਕੇ ਸੰਕੋਚ ਤੇ ਝਿਜਕ ਦੀ ਭਾਵਨਾ ਹੁੰਦੀ ਹੈ। ਕਈ ਨੌਜਵਾਨ ਤਾਂ ਅੰਗਰੇਜ਼ੀ ਨਾ ਬੋਲ ਪਾਉਣ ਦੀ ਸੂਰਤ ਵਿੱਚ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ। ਅੰਗਰੇਜ਼ੀ ਜਾਂ ਹੋਰ ਕਿਸੇ ਵੀ ਵਿਦੇਸ਼ੀ ਭਾਸ਼ਾ ਨਾਲ ਦੋ ਹੱਥ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਵਿਦਿਆਰਥੀ ਦਾ ਬੌਧਿਕ ਵਿਕਾਸ, ਜਿਸ ਲਈ ਮਾਤ-ਭਾਸ਼ਾ 'ਤੇ ਮੁਹਾਰਤ ਹਾਸਲ ਕਰਨਾ ਲਾਜ਼ਮੀ ਹੈ। ਮਾਤ ਭਾਸ਼ਾ ਵਿੱਚ ਆਪਣੇ ਨਿੱਜੀ ਵਿਚਾਰਾਂ ਦਾ ਪ੍ਰਗਟਾਵੇ ਅਤੇ ਗਿਆਨ ਚਰਚਾ ਕਰਨ ਨਾਲ ਬੌਧਿਕ ਵਿਕਾਸ ਸਹਿਜੇ ਹੀ ਹੋ ਜਾਂਦਾ ਹੈ। ਆਈਲੈੱਟਸ ਦੀ ਪ੍ਰੀਖਿਆ ਵਿੱਚ ਜਦੋਂ ਬੋਲਣ ਜਾਂ ਲਿਖਣ ਦੇ ਪਰਚੇ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਬਹੁਤੇ ਵਿਦਿਆਰਥੀ ਇਸੇ ਲਈ ਅਸਫ਼ਲ ਹੁੰਦੇ ਹਨ, ਕਿਉਂਕਿ ਉਹ ਆਪਣੇ ਵਿਚਾਰਾਂ ਨੂੰ ਸ਼ਬਦਾਂ ਵਿੱਚ ਢਾਲਣਾ ਨਹੀਂ ਜਾਣਦੇ। ਇਸ ਪ੍ਰੀਖਿਆ ਵਿੱਚ ਸਫ਼ਲ ਹੋਣ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ, ਆਪਣੇ ਮਨ ਵਿੱਚੋਂ ਭਰਮ ਕੱਢਣਾ ਕਿ ਅੰਗਰੇਜ਼ੀ ਭਾਸ਼ਾ ਪੰਜਾਬੀ ਨਾਲੋਂ ਉੱਤਮ ਦਰਜੇ ਦੀ ਹੈ ਤੇ ਇਸ ਨੂੰ ਸਿੱਖਣਾ ਸਾਡੇ ਵੱਸੋਂ ਬਾਹਰ ਦੀ ਗੱਲ ਹੈ।

ਕੋਈ ਭਾਸ਼ਾ ਇੱਕ-ਦੂਜੀ ਨਾਲੋਂ ਸ੍ਰੇਸ਼ਠ ਜਾਂ ਹੀਣੀ ਨਹੀਂ ਹੁੰਦੀ। ਇਸੇ ਵਿਸ਼ੇ 'ਤੇ 'ਮੇਰਾ ਦਾਗਿਸਤਾਨ' ਕਿਤਾਬ ਵਿਚੋਂ ਇੱਕ ਕਥਾ ਯਾਦ ਆਉਂਦੀ ਹੈ। ਲੇਖਕ ਰਸੂਲ ਹਮਜ਼ਾਤੋਵ ਦਾ ਚਾਚਾ ਅਬੂਤਾਲਿਬ ਰੂਸ ਦੀ ਰਾਜਧਾਨੀ ਮਾਸਕੋ ਜਾਂਦਾ ਹੈ। ਉਸ ਦੀ ਮੁਲਾਕਾਤ ਇੱਕ ਵਿਦੇਸ਼ੀ ਸੈਲਾਨੀ ਨਾਲ ਹੁੰਦੀ ਹੈ। ਉਹ ਵਿਦੇਸ਼ੀ ਸੈਲਾਨੀ ਅਬੂਤਾਲਿਬ ਨਾਲ ਅੰਗਰੇਜ਼ੀ, ਫਰਾਂਸੀਸੀ ਤੇ ਦੋ ਹੋਰ ਵਿਦੇਸ਼ੀ ਭਾਸ਼ਾਵਾਂ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਗੱਲ ਸਮਝਾਉਣ ਵਿੱਚ ਅਸਫ਼ਲ ਰਹਿੰਦਾ ਹੈ। ਇਸੇ ਤਰ੍ਹਾਂ ਅਬੂਤਾਲਿਬ ਰੂਸੀ, ਅਵਾਰ ਤੇ ਦੋ ਹੋਰ ਖੇਤਰੀ ਭਾਸ਼ਾਵਾਂ ਵਿੱਚ ਗੱਲ ਕਰਦਾ ਹੈ ਪਰ ਵਿਦੇਸ਼ੀ ਇਨ੍ਹਾਂ ਭਾਸ਼ਾਵਾਂ ਨੂੰ ਸਮਝਣ ਵਿੱਚ ਅਸਮਰੱਥ ਰਹਿੰਦਾ ਹੈ। ਦੋਵਾਂ ਵਿੱਚ ਕੋਈ ਗੱਲਬਾਤ ਨਹੀਂ ਹੋ ਪਾਉਂਦੀ ਤੇ ਉਹ ਆਪੋ-ਆਪਣੇ ਰਾਹ ਤੁਰ ਜਾਂਦੇ ਹਨ। ਕੁਝ ਲੋਕ ਵਿਦੇਸ਼ੀ ਭਾਸ਼ਾ ਨਾ ਸਮਝ ਸਕਣ 'ਤੇ ਅਬੂਤਾਲਿਬ ਦਾ ਮਖੌਲ ਉਡਾਉਂਦੇ ਹਨ। ਅਬੂਤਾਲਿਬ ਬੜੇ ਸਹਿਜੇ ਜਵਾਬ ਦਿੰਦਾ ਹੈ ਕਿ ਚਾਰ ਭਾਸ਼ਾਵਾਂ ਉਸ ਨੇ ਬੋਲੀਆਂ ਅਤੇ ਚਾਰ ਭਾਸ਼ਾਵਾਂ ਹੀ ਵਿਦੇਸ਼ੀ ਸੈਲਾਨੀ ਨੇ ਬੋਲੀਆਂ, ਇਸ ਲਈ ਉਸ ਦਾ ਅਤੇ ਵਿਦੇਸ਼ੀ ਸੈਲਾਨੀ ਦਾ ਭਾਸ਼ਾ ਗਿਆਨ ਇਕ ਬਰਾਬਰ ਹੈ। ਆਈਲੈੱਟਸ ਦੀ ਪ੍ਰੀਖਿਆ ਵਿੱਚ ਸਫ਼ਲ ਹੋਣ ਲਈ ਵੀ ਆਪਣੇ ਮਨ ਵਿੱਚੋਂ ਹੀਣ ਭਾਵਨਾ ਕੱਢ ਦੇਣੀ ਚਾਹੀਦੀ ਹੈ। ਇਸ ਤੋਂ ਬਾਅਦ ਜ਼ਰੂਰੀ ਹੈ ਰੋਜ਼ਾਨਾ ਅਖ਼ਬਾਰ ਪੜ੍ਹਨਾ। ਪੰਜਾਬੀ ਨੌਜਵਾਨ ਜੇਕਰ ਰੋਜ਼ਾਨਾ ਇੱਕ ਪੰਜਾਬੀ ਅਤੇ ਇੱਕ ਅੰਗਰੇਜ਼ੀ ਅਖ਼ਬਾਰ ਪੜ੍ਹਨ ਤਾਂ ਆਈਲੈੱਟਸ ਦੇ ਚਾਰੇ ਭਾਗਾਂ (ਲਿਖਣਾ, ਬੋਲਣਾ, ਪੜ੍ਹਨਾ, ਸੁਣਨਾ) ਲਈ ਲਾਹੇਵੰਦ ਹੁੰਦਾ ਹੈ। ਅਖ਼ਬਾਰ ਪੜ੍ਹਨ ਨਾਲ ਆਮ ਗਿਆਨ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਲੇਖ ਲਿਖਣ ਵਿੱਚ ਸੌਖ ਹੁੰਦੀ ਹੈ। ਕਈ ਵਾਰ ਆਮ ਗਿਆਨ ਦੀ ਕਮੀ ਹੀ ਵਿਦਿਆਰਥੀ ਨੂੰ ਲੈ ਡੁੱਬਦੀ ਹੈ, ਕਿਉਂਕਿ ਲੇਖ ਦਾ ਵਿਸ਼ਾ ਹੀ ਉਸ ਨੂੰ ਸਮਝ ਨਹੀਂ ਆਉਂਦਾ। ਅਖ਼ਬਾਰ ਪੜ੍ਹਨ ਨਾਲ ਸ਼ਬਦਕੋਸ਼ ਵਿੱਚ ਵੀ ਇਜ਼ਾਫ਼ਾ ਹੁੰਦਾ ਹੈ। ਅਖ਼ਬਾਰ ਵਿੱਚੋਂ ਵਿਦਿਆਰਥੀ ਸ਼ਬਦਾਂ ਅਤੇ ਵਾਕਾਂ ਦੀ ਸਹੀ ਬਣਤਰ ਤੇ ਵਰਤੋਂ ਸਿੱਖ ਸਕਦਾ ਹੈ। ਅਖ਼ਬਾਰ ਵਿੱਚ ਮਿਲੇ ਮੁਸ਼ਕਲ ਲਫ਼ਜ਼ਾਂ ਦੇ ਅਰਥ ਜਾਣਨ ਲਈ ਆਨਲਾਈਨ ਡਿਕਸ਼ਨਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਡਿਕਸ਼ਨਰੀ ਅਰਥਾਂ ਦੇ ਨਾਲ-ਨਾਲ ਸ਼ਬਦਾਂ ਦਾ ਸਹੀ ਉਚਾਰਨ ਵੀ ਦੱਸਦੀ ਹੈ। ਸ਼ਬਦਾਂ ਦਾ ਸਹੀ ਉਚਾਰਨ ਸਪੀਕਿੰਗ (ਬੋਲਣ) ਦੇ ਪਰਚੇ ਵਿੱਚ ਬੜਾ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਸੰਜੀਦਾ ਵਤੀਰੇ ਦੀ ਘਾਟ ਵੀ ਵਿਦਿਆਰਥੀ ਦੀ ਸਫ਼ਲਤਾ ਦੇ ਰਾਹ ਦਾ ਰੋੜਾ ਬਣ ਜਾਂਦੀ ਹੈ। ਕਈ ਵਿਦਿਆਰਥੀ ਅਦਾਰਿਆਂ ਨੂੰ ਮੋਟੀਆਂ ਫੀਸਾਂ ਦੇਣ ਦੇ ਬਾਵਜੂਦ ਵੀ ਸੰਜੀਦਾ ਨਹੀਂ ਹੁੰਦੇ। ਗ਼ੈਰ-ਸੰਜੀਦਾ ਵਿਦਿਆਰਥੀ ਦਾ ਕਲਾਸ ਦੌਰਾਨ ਸਾਰਾ ਜ਼ੋਰ ਅਧਿਆਪਕਾਂ ਨਾਲ ਮਸ਼ਕਰੀਆਂ ਕਰਨ 'ਤੇ ਲੱਗਾ ਹੁੰਦਾ ਹੈ। ਅਜਿਹੇ ਵਿਦਿਆਰਥੀ ਮਖੌਲ ਦੇ ਪਾਤਰ ਤਾਂ ਬਣਦੇ ਹੀ ਹਨ, ਬਲਕਿ ਆਪਣੀ ਸਫ਼ਲਤਾ ਦੇ ਰਾਹ ਵੀ ਆਪ ਬੰਦ ਕਰ ਲੈਂਦੇ ਹਨ। ਇਸ ਪ੍ਰੀਖਿਆ ਵਿੱਚ ਸਫ਼ਲ ਹੋਣਾ ਮੁਸ਼ਕਲ ਨਹੀਂ, ਬਾਸ਼ਰਤੇ ਨੌਜਵਾਨ ਮਿਹਨਤ, ਆਤਮ-ਵਿਸ਼ਵਾਸ ਤੇ ਸੰਜੀਦਗੀ ਦਾ ਪੱਲਾ ਫੜਨ।

> ਜ਼ਰੂਰੀ ਹੈ ਰੋਜ਼ਾਨਾ ਅਖ਼ਬਾਰ ਪੜ੍ਹਨਾ। ਪੰਜਾਬੀ ਨੌਜਵਾਨ ਜੇਕਰ ਰੋਜ਼ਾਨਾ ਇਕ ਪੰਜਾਬੀ ਅਤੇ ਇੱਕ ਅੰਗਰੇਜ਼ੀ ਅਖ਼ਬਾਰ ਪੜ੍ਹਨ ਤਾਂ ਆਈਲੈੱਟਸ ਦੇ ਚਾਰੇ ਭਾਗਾਂ (ਲਿਖਣਾ, ਬੋਲਣਾ, ਪੜ੍ਹਨਾ, ਸੁਣਨਾ) ਲਈ ਲਾਹੇਵੰਦ ਹੁੰਦਾ ਹੈ। ਅਖ਼ਬਾਰ ਪੜ੍ਹਨ ਨਾਲ ਆਮ ਗਿਆਨ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਲੇਖ ਲਿਖਣ ਵਿੱਚ ਸੌਖ ਹੁੰਦੀ ਹੈ। ਕਈ ਵਾਰ ਆਮ ਗਿਆਨ ਦੀ ਕਮੀ ਹੀ ਵਿਦਿਆਰਥੀ ਨੂੰ ਲੈ ਡੁੱਬਦੀ ਹੈ, ਕਿਉਂਕਿ ਲੇਖ ਦਾ ਵਿਸ਼ਾ ਹੀ ਉਸ ਨੂੰ ਸਮਝ ਨਹੀਂ ਆਉਂਦਾ। ਅਖ਼ਬਾਰ ਪੜ੍ਹਨ ਨਾਲ ਸ਼ਬਦਕੋਸ਼ ਵਿੱਚ ਵੀ ਇਜ਼ਾਫ਼ਾ ਹੁੰਦਾ ਹੈ।







# ਪ੍ਰਸ਼ਾਸਨ ਅਤੇ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸਵਾਲੀਆ ਚਿੰਨ੍ਹ ਨੌਦੀਪ ਕੌਰ ਦੀ ਰਿਹਾਈ !

ਹਰਕੀਰਤ ਕੌਰ / 9779118066

ਕਿਸਾਨੀ ਅੰਦੋਲਨ ਨੂੰ ਚੱਲਦਿਆਂ ਦੋ ਮਹੀਨਿਆਂ ਤੋਂ ਉੱਪਰ ਸਮਾਂ ਹੋ ਚੱਲਿਆ ਹੈ। ਇਹਨਾਂ ਦੋ ਮਹੀਨਿਆਂ ਵਿੱਚ ਬਹੁਤ ਕੁਝ ਦੇਖਣ ਨੂੰ ਮਿਲਿਆ। ਕਈਆਂ ਦੇ ਦੋਗਲੇ ਚਿਹਰੇ ਬੇਨਕਾਬ ਹੋਏ ਅਤੇ ਕਈਆਂ ਦੇ ਆਪਣੀ ਕੌਮ ਪ੍ਰਤੀ ਅੰਦੋਲਨ ਵਿੱਚ ਨਿਭਾਈ ਜਿੰਮੇਵਾਰੀ ਨੇ ਲੋਕਾਂ ਦੇ ਦਿਲਾਂ ਉੱਤੇ ਰਾਜ ਕੀਤਾ। ਕਈਆਂ ਨੇ ਸਿਰ ਵਿੱਚ ਡਾਂਗਾ ਖਾਦੀਆਂ ਅਤੇ ਕਈਆਂ ਨੇ ਅੱਥਰੂ ਗੈਸ ਦੇ ਗੋਲਿਆਂ ਨਾਲ ਆਪਣੇ ਆਪ ਨੂੰ ਜਖਮੀ ਕਰਵਾਇਆ। ਕਈਆਂ ਨੂੰ ਜਬਰਦਸਤੀ ਚੁੱਕ ਕੇ ਜੇਲ੍ਹ ਵਿੱਚ ਤਾੜਿਆ ਗਿਆ। ਜੇਲ੍ਹ ਵਿੱਚ ਕੈਦ ਕਰਨ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਬੇਕਸੂਰ ਕਿਸਾਨਾਂ ਅਤੇ ਅੰਦੋਲਨਕਾਰੀਆਂ ਨੂੰ ਬਿਨਾ ਕਿਸੇ ਕੀਰਨੇ ਅਤੇ ਜੁਲਮ ਦੇ ਜੇਲ੍ਹ ਵਿੱਚ ਸੁੱਟਿਆ ਗਿਆ ਹੈ। ਇਹਨਾਂ ਵਿਚੋਂ ਹੀ ਇੱਕ ਨਾਮ ਸਾਹਮਣੇ ਆ ਰਿਹਾ ਹੈ ਨੌਦੀਪ ਕੌਰ ।ਇਸ 23 ਸਾਲਾਂ ਨੌਜਵਾਨ ਲੜਕੀ ਨੂੰ ਲਗਭਗ 12 ਜਨਵਰੀ ਨੂੰ ਹਰਿਆਣਾ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਨੌਦੀਪ ਕੌਰ ਦੀ ਜਨਮ ਜਿਲ੍ਹਾ ਮੁਕਤਸਰ ਵਿੱਚ ਹੋਇਆ। ਇਹ ਲੜਕੀ ਇੱਕ ਸਧਾਰਨ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਦਿੱਲੀ ਵਿੱਚ ਪੜਾਈ ਕਰਨ ਦੇ ਨਾਲ ਨਾਲ ਪਾਰਟ ਟਾਈਮ ਜੌਬ ਕਰਦੀ ਨੋਦੀਪ ਨੇ ਮਹਿਸੂਸ ਕੀਤਾ ਕਿ ਮਜਦੂਰਾਂ ਨੂੰ ਉਹਨਾਂ ਦੇ ਹੱਕ ਨਹੀਂ ਮਿਲ ਰਹੇ। ਸੋ ਪਿਛਲੇ ਕੁਝ ਸਮੇਂ ਤੋਂ ਉਹ ਸਥਾਨਕ ਮਜਦੂਰਾਂ ਨਾਲ ਮਿਲ ਕੇ ਉਹਨਾਂ ਦੇ ਹੱਕਾਂ ਲਈ ਅਵਾਜ਼ ਉਠਾ ਰਹੀ ਹੈ ਅਤੇ ਪ੍ਰਦਰਸ਼ਨ ਕਰਦੀ ਆ ਰਹੀ ਹੈ। ਇਸੇ ਦੌਰਾਨ 12 ਜਨਵਰੀ ਨੂੰ ਨੋਦੀਪ ਕੌਰ ਨੂੰ ਕੁੰਡਲੀ ਬਾਰਡਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਕਰਨਾਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ । ਨੋਦੀਪ ਕੌਰ ਦੀ ਭੈਣ ਅਤੇ ਮਾਂ ਨੇ ਦੱਸਿਆ ਕਿ ਨੋਦੀਪ ਕੌਰ ਨਾਲ ਜੇਲ੍ਹ ਵਿੱਚ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਹੈ, ਉਸਦੀ ਮਾਂ ਦੁਆਰਾ ਇਹ ਵੀ ਦੱਸਿਆ ਗਿਆ ਕਿ ਨੋਦੀਪ ਦੇ ਪੈਰਾਂ ਵਿੱਚੋਂ ਖੂਨ ਨਿਕਲ ਰਿਹਾ ਸੀ ਅਤੇ ਉਹ ਕੁਝ ਵੀ ਨਾ ਬੋਲਣ ਦੀ ਹਾਲਾਤ ਵਿੱਚ ਸੀ। ਉਹਨਾਂ ਇਹ ਵੀ ਦੱਸਿਆ ਕਿ ਨੌਦੀਪ ਉਪਰ ਜਿੰਨਾ ਧਰਾਵਾਂ ਤਹਿਤ ਮੁਕਦਮੇ ਦਰਜ ਕੀਤੇ ਗਏ ਹਨ, ਉਹਨਾਂ ਵਿੱਚ ਜਮਾਨਤ ਵੀ ਨਹੀਂ ਹੋ ਸਕਦੀ। ਦਰਦ ਭਰੀ ਅਵਾਜ਼ ਵਿੱਚ ਮਾਂ ਦੇ ਬੋਲ ਸਨ ਕਿ ਕੋਈ ਵੀ ਸਰਕਾਰ ਜਾਂ ਮੰਤਰੀ ਸਾਡੀ ਬਾਂਹ ਨਹੀਂ ਫੜ ਰਿਹਾ।


ਅਸੀਂ ਸਾਰੇ ਜਾਣਦੇ ਹਾਂ ਕਿ ਨਜਾਇਜ਼ ਗ੍ਰਿਫ਼ਤਾਰੀਆਂ, ਡਾਂਗਾ, ਸੋਟੇ ਅੰਦੋਲਨ ਦਾ ਇੱਕ ਹਿੱਸਾ ਹੁੰਦੇ ਹਨ। ਪਰ ਏਨਾ ਤਸ਼ੱਦਦ ਕਿ ਇੱਕ ਨੌਜਵਾਨ ਲੜਕੀ ਨੂੰ ਬਿਨਾ ਕਿਸੇ ਜੁਰਮ ਜਾਂ ਗਲਤੀ ਦੇ ਜੇਲ੍ਹ ਵਿੱਚ ਮਾਰਿਆ ਕੁੱਟਿਆ ਜਾ ਰਿਹਾ ਹੈ। ਕੋਈ ਵੀ ਸਰਕਾਰ, ਪ੍ਰਸ਼ਾਸਨ ਜਾਂ ਕਿਸਾਨੀ ਆਗੂ ਕਿਸੇ ਨੇ ਕਿਤੇ ਵੀ ਨੌਦੀਪ ਕੌਰ ਦੀ ਰਿਹਾਈ ਦੀ ਗੱਲ ਨਹੀਂ ਕੀਤੀ। ਇੱਥੋਂ ਤੱਕ ਕਿ ਸ਼ੋਸਲ ਮੀਡੀਏ ਤੋਂ ਇਲਾਵਾ ਨਾ ਕਿਸੇ ਅਖਬਾਰ ਵਿੱਚ ਅਤੇ ਨਾ ਹੀ ਟੈਲੀਵਿਜ਼ਨ ਚੈਨਲ ਉੱਪਰ ਨੌਦੀਪ ਕੌਰ ਦੀ ਗ੍ਰਿਫਤਾਰੀ ਦੀ ਗੱਲ ਕੀਤੀ ਗਈ। ਆਖਰ ਪੁਲਿਸ ਪ੍ਰਸ਼ਾਸਨ ਇਸ ਗੱਲ ਦਾ ਉੱਤਰ ਦੇਵੇ ਕਿ ਕਿਸ ਜੁਰਮ ਤਹਿਤ ਇਸ ਬੱਚੀ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਇੱਕ ਪਾਸੇ ਅਸੀ ਚਿੰਤਤ ਰਹਿੰਦੇ ਹਾਂ ਕਿ ਨੋਜਵਾਨ ਲੜਕੇ ਲੜਕੀਆਂ ਆਪਣੇ ਰਸਤੇ ਤੋਂ ਭਟਕ ਰਹੇ ਹਨ ਦੂਸਰੇ ਪਾਸੇ ਜਿਹੜੇ ਨੋਜਵਾਨ ਸਮਾਜ ਲਈ ਦੇਸ਼ ਦੇ ਲੋਕਾਂ ਦੀ ਅਵਾਜ਼ ਬੁਲੰਦ ਕਰ ਰਹੇ ਹਨ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਮੈਨੂੰ ਨਹੀਂ ਲੱਗਦਾ ਕਿ ਜਿੰਨਾ ਘਾਣ ਭਾਰਤ ਵਿੱਚ ਲੋਕਤੰਤਰ ਦਾ ਹੋਇਆ ਕਿਸੇ ਹੋਰ ਦੇਸ਼ ਵਿੱਚ ਹੋਇਆ ਹੋਵੇਗਾ। ਦੇਸ਼ ਦੇ ਰਖਵਾਲਿਆਂ ਨੇ ਐਸੀਆਂ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਕਿ ਭਾਰਤੀ ਸਰਕਾਰ ਨੂੰ ਪੂਰੇ ਸੰਸਾਰ ਭਰ ਵਿਚੋਂ ਲਾਹਨਤਾਂ ਹੀ ਮਿਲ ਰਹੀਆਂ ਹਨ। ਪਰ ਨੋਦੀਪ ਦੀ ਗ੍ਰਿਫਤਾਰੀ ਅਤੇ ਫਿਰ ਉਸਦੇ ਹੱਕ ਵਿੱਚ ਕਿਸੇ ਵੀ ਸਰਕਾਰ ,ਆਗੂ ਜਾਂ ਮੰਤਰੀ ਵੱਲੋਂ ਨਾ ਬੋਲਣਾ ਸਰਕਾਰ ਅਤੇ ਪ੍ਰਸ਼ਾਸਨ ਦੋਨਾਂ ਦੀ ਕਾਰਗੁਜ਼ਾਰੀ ਉੱਪਰ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਪਰ ਸਾਨੂੰ ਸਾਰਿਆਂ ਨੂੰ ਮਾਣ ਹੈ ਇਸ ਬਹਾਦੁਰ ਲੜਕੀ ਉੱਪਰ ਜਿਸਨੇ ਆਪਣੀ ਜਾਨ, ਮਾਣ ਦੀ ਪਰਵਾਹ ਨਾ ਕਰਦਿਆਂ ਲੋਕਾਂ ਦੇ ਹੱਕ ਵਿੱਚ ਅਵਾਜ਼ ਉਠਾਈ। ਹੁਣ ਸਰਕਾਰ ਨੂੰ ਆਪਣੀ ਜਿੰਮੇਵਾਰੀ ਸਮਝਦੇ ਹੋਏ ਇਸ ਲੜਕੀ ਦੀ ਰਿਹਾਈ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦ ਵੋਟਾਂ ਲੈਣ ਗਏ ਮੰਤਰੀਆਂ ਨੂੰ ਲੋਕਾਂ ਨੇ ਪਿੰਡਾਂ ਵਿਚ ਦਾਖਿਲ ਹੋਣ ਤੋਂ ਪਹਿਲਾਂ ਹੀ ਅਲਵਿਦਾ ਬੋਲ ਦੇਣੀ ਹੈ ਜਾਂ ਕਿਸੇ ਮੰਤਰੀ ਨੂੰ ਆਉਂਦਿਆਂ ਦੇਖ ਆਪਣੇ ਦਰਵਾਜ਼ੇ ਬੰਦ ਕਰ ਲਿਆ ਕਰਨੇ ਹਨ। ਸੋ ਜਿਸਦਾ ਜਿੰਨਾ ਫਰਜ ਬਣਦਾ ਹੈ ਆਪਣੇ ਫਰਜ਼ ਨੂੰ ਪਹਿਚਾਣੋ ਅਤੇ ਅਨਿਆਂ ਵਿਰੁੱਧ ਛਿੜੀ ਇਸ ਜੰਗ ਵਿੱਚ ਆਪਣਾ ਯੋਗਦਾਨ ਪਾ ?। ਮਾਣ ਹੈ ਇਸ ਧੀ ਉੱਪਰ ਪੂਰੇ ਦੇਸ਼ ਨੂੰ ਕਿਉਂਕਿ ਅੰਦੋਲਨਾਂ ਵਿੱਚ ਗ੍ਰਿਫਤਾਰੀਆਂ ਦੇਣ ਵਾਲੇ ਲੋਕ ਆਮ ਨਹੀਂ ਹੁੰਦੇ।




ਅਸੀਂ ਸਾਰੇ ਜਾਣਦੇ ਹਾਂ ਕਿ ਨਜਾਇਜ਼ ਗ੍ਰਿਫ਼ਤਾਰੀਆਂ, ਡਾਂਗਾ, ਸੋਟੇ ਅੰਦੋਲਨ ਦਾ ਇੱਕ ਹਿੱਸਾ ਹੁੰਦੇ ਹਨ। ਪਰ ਏਨਾ ਤਸ਼ੱਦਦ ਕਿ ਇੱਕ ਨੌਜਵਾਨ ਲੜਕੀ ਨੂੰ ਬਿਨਾ ਕਿਸੇ ਜੁਰਮ ਜਾਂ ਗਲਤੀ ਦੇ ਜੇਲ੍ਹ ਵਿੱਚ ਮਾਰਿਆ ਕੁੱਟਿਆ ਜਾ ਰਿਹਾ ਹੈ। ਕੋਈ ਵੀ ਸਰਕਾਰ, ਪ੍ਰਸ਼ਾਸਨ ਜਾਂ ਕਿਸਾਨੀ ਆਗੂ ਕਿਸੇ ਨੇ ਕਿਤੇ ਵੀ ਨੌਦੀਪ ਕੌਰ ਦੀ ਰਿਹਾਈ ਦੀ ਗੱਲ ਨਹੀਂ ਕੀਤੀ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

"ਆਪਣੇ ਭਾਈਚਾਰੇ ਦਾ ਮਾਣ"
NOW OPEN 2ND LOCATION IN ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731




I.C.B.C. Claims
• No Win No Fee
Criminal Law
• Homicide and Attempted Homicide
• Extradition Matters
• Drug Offences
• Assaults
• Sexual Assaults
• Drinking and Driving Offences
• Theft and Robbery
• Offences relating to Prostitution
Divorce Cases
Immigration Law
• Immigration Appeals
• Overseas sponsorships of spouses, dependant children and parents
• Inland sponsorships of spouses, dependant children and parents
• Provincial Nominee Programs (PNP)
• Skilled Worker category
• Self-Employed
• Investor and Entrepreneur Immigration
• Work-Permits
Real Estate
• Commercial and Real Estate
• Purchase and Sale of Property
• Financing and Refinancing
• Mortgages First and Subsequent
• ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
• ਕ੍ਰਿਮਨਲ ਲਾਅ • ਡਾਈਵੋਰਸ ਕੇਸ
• ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ
FREE Consultation
604.543.3886
Moved to New Location
13025 - 80TH AVE.,
SURREY
SINGH THIND & ASSOCIATES
BARRISTERS & SOLICITORS

# ਪੰਜਾਬੀ ਬੱਚੇ ਨੇ 9000 ਫੁੱਟ ਤੋਂ ਛਾਲ ਮਾਰੀ



ਆਕਲੈਂਡ-ਟੌਰੰਗਾ ਵਾਸੀ 10 ਸਾਲਾ ਪੰਜਾਬੀ ਬੱਚੇ ਨੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਨਿਊਜ਼ੀਲੈਂਡ 'ਚ ਨੌਂ ਹਜ਼ਾਰ ਫੁੱਟ ਤੋਂ ਛਾਲ ਮਾਰੀ ਹੈ। ਉਸ ਨੇ ਆਪਣੇ ਹੱਥਾਂ 'ਤੇ ਕਿਸਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਹੋਏ ਸਨ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਜ਼ਿਲ੍ਹਾ ਬਠਿੰਡਾ ਦੇ ਰਾਮਗੜ੍ਹ ਭੂੰਦੜ ਪਿੰਡ ਨਾਲ ਸਬੰਧਤ ਦੰਦੀਵਾਲ ਪਰਵਾਰ ਦੇ ਭੁਪਿੰਦਰ ਸਿੰਘ ਅਤੇ ਅਮਨਦੀਪ ਕੌਰ ਦੇ 10 ਸਾਲਾ ਬੱਚੇ ਆਜ਼ਾਦ ਸਿੰਘ ਨੇ ਕੁਈਨਜ਼ਟਾਊਨ 'ਚ ਇਹ ਹੌਸਲੇ ਦਾ ਕਰਤਬ ਦਿਖਾਇਆ। ਆਜ਼ਾਦ ਸਿੰਘ ਦੇ ਪਿਤਾ ਭੁਪਿੰਦਰ ਸਿੰਘ ਦੰਦੀਵਾਲ ਨੇ ਦੱਸਿਆ ਕਿ ਆਸਟਰੇਲੀਆ ਵਿੱਚ ਇੱਕ ਕੁੜੀ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਸਕਾਈ ਡਾਈਵਿੰਗ ਕੀਤੇ ਜਾਣ ਤੋਂ ਬਾਅਦ ਆਜ਼ਾਦ ਨੇ ਵੀ ਉਸੇ ਰਾਹ 'ਤੇ ਚੱਲਣ ਲਈ ਦ੍ਰਿੜ੍ਹਤਾ ਵਿਖਾਈ ਸੀ। ਪਰਵਾਰ ਵਾਲਿਆਂ ਨੂੰ ਸ਼ੁਰੂ ਵਿੱਚ ਡਰ ਸੀ, ਕਿਉਂਕਿ ਪਰਵਾਰ ਦੇ ਕਿਸੇ ਮੈਂਬਰ ਨੇ ਅੱਜ ਤੱਕ ਸਕਾਈ ਡਾਈਵਿੰਗ ਨਹੀਂ ਕੀਤੀ, ਪਰ ਆਜ਼ਾਦ ਨੇ ਹਿੰਮਤ ਦਿਖਾਈ। ਆਜ਼ਾਦ ਸਿੰਘ ਟੌਰੰਗਾ ਦੇ ਗਰੀਨ ਪਾਰਕ ਸਕੂਲ ਵਿੱਚ ਛੇਵੀਂ ਕਲਾਸ ਦਾ ਵਿਦਿਆਰਥੀ ਹੈ, ਜੋ ਹਾਕੀ ਵੀ ਬਹੁਤ ਦਿਲਚਸਪੀ ਨਾਲ ਖੇਡਦਾ ਹੈ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

# ਮਿਊਜ਼ਿਕ ਵੀਡੀਓ ਮੇਰੀ ਪਹਿਲੀ ਪਸੰਦ-ਉਰਵਸ਼ੀ ਰੌਤੇਲਾ



ਉਰਵਸ਼ੀ ਰੌਤੇਲਾ ਦੀ ਖ਼ੂਬਸੂਰਤੀ ਅਤੇ ਪ੍ਰਸ਼ੰਸਕਾਂ 'ਤੇ ਉਸ ਦਾ ਅਸਰ ਜਬਰਦਸਤ ਹੈ। ਉਸ ਦੀ ਖ਼ੂਬਸੂਰਤੀ ਦੇਖ ਕੇ ਹਰ ਕੋਈ ਪਾਗਲ ਜਿਹਾ ਹੋ ਜਾਂਦਾ ਹੈ। ਉਸ ਦੀ ਕੋਈ ਵੀ ਤਸਵੀਰ ਅਜਿਹੀ ਨਹੀਂ ਹੁੰਦੀ ਜਿਸ ਨੂੰ ਦੇਖ ਕੇ ਦੇਖਣ ਵਾਲਾ ਵਾਰ-ਵਾਰ ਦੇਖਣਾ ਨਾ ਚਾਹੁੰਦਾ ਹੋਵੇ। ਪਿਛਲੇ ਸਾਲ ਦੇ ਅਖੀਰ ਵਿੱਚ ਉਰਵਸ਼ੀ ਦੀ ਫਿਲਮ 'ਵਰਜਿਨ ਭਾਨੂਪ੍ਰੀਆ ਓ ਟੀ ਟੀ ਪਲੇਟਫਾਰਮ 'ਤੇ ਰਿਲੀਜ਼ ਹੋਈ ਸੀ। ਉਸ ਦੀ ਇੱਕ ਫਿਲਮ 'ਬਲੈਕ ਰੋਜ ਰਿਲੀਜ਼ ਦੇ ਲਈ ਤਿਆਰ ਹੈ। ਕੁਝ ਹਿੰਦੀ ਫਿਲਮਾਂ ਦੇ ਇਲਾਵਾ ਉਹ ਤਮਿਲ ਫਿਲਮ ਵੀ ਕਰ ਰਹੀ ਹੈ। ਉਰਵਸ਼ੀ ਦਾ ਮਿਊਜ਼ਿਕ ਵੀਡੀਓ 'ਵੋ ਚਾਂਦ ਕਹਾਂ ਸੇ ਲਾ ?ਗੇ ਪਿੱਛੇ ਜਿਹੇ ਰਿਲੀਜ਼ ਹੋਇਆ ਹੈ। ਇਸ ਵਿੱਚ ਉਸ ਦੇ ਆਪੋਜ਼ਿਟ ਟੀ ਵੀ ਐਕਟਰ ਮੋਹਸਿਨ ਖਾਨ ਨਜ਼ਰ ਆਏ। ਫੈਨਸ ਨੇ ਉਸ ਦੇ ਇਸ ਮਿਊਜ਼ਿਕ ਵੀਡੀਓ ਨੂੰ ਕਾਫੀ ਪਸੰਦ ਕੀਤਾ ਹੈ। ਪੇਸ਼ ਹਨ ਉਰਵਸ਼ੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**'ਕਈ ਬਿਊਟੀ ਕਾਂਟੈਸਟ ਦੀ ਜੇਤੂ ਚੁਣੇ ਜਾਣ ਦਾ ਤੁਹਾਡੇ ਕਰੀਅਰ ਨੂੰ ਕੀ ਫਾਇਦਾ ਹੋਇਆ?**

-ਫਾਇਦਾ, ਸੱਚ ਕਿਹਾ ਜਾਏ ਤਾਂ ਮੇਰੇ ਕਰੀਅਰ ਦੀ ਸ਼ੁਰੂਆਤ ਸਿਰਫ ਇਸ ਕਾਰਨ ਹੋਈ, ਵਰਨਾ ਕਿਸੇ ਨੂੰ ਪਤਾ ਲੱਗਦਾ ਕਿ ਉਰਵਸ਼ੀ ਨਾਂਅ ਦੀ ਕੋਈ ਲੜਕੀ ਹੈ, ਜੋ ਫਿਲਮਾਂ ਵਿੱਚ ਐਕਟਿੰਗ ਕਰਨਾ ਚਾਹੁੰਦੀ ਹੈ। ਮੈਨੂੰ 'ਸਿੰਘ ਸਾਬ੍ਹ ਦਿ ਗ੍ਰੇਟ ਮਿਲੀ ਅਤੇ ਮੇਰੀ ਕਰੀਅਰ ਸ਼ੁਰੂ ਹੋਇਆ। ਅੱਜ ਮੈਂ ਜੋ ਕੁਝ ਹਾਂ, ਉਨ੍ਹਾਂ ਵਿੱਚ ਉਨ੍ਹਾਂ ਬਿਊਟੀ ਕਾਂਟੈਸਟ ਦਾ ਯੋਗਦਾਨ ਹੀ ਸਭ ਤੋਂ ਜ਼ਿਆਦਾ ਹੈ।

**' ਤੁਹਾਡੇ ਬਾਰੇ ਆਮ ਧਾਰਨਾ ਹੈ ਕਿ ਤੁਸੀਂ ਜਿੰਨੀ ਜ਼ਿਆਦਾ ਖ਼ੂਬਸੂਰਤ ਅਤੇ ਟੈਲੇਂਟਿਡ ਹੋ, ਉਸ ਦੇ ਹਿਸਾਬ ਨਾਲ ਫਿਲਮਾਂ ਵਿੱਚ ਤੁਹਾਨੂੰ ਮੌਕੇ ਨਹੀਂ ਮਿਲ ਸਕੇ?**

- ਜੇ ਮੇਰੇ ਬਾਰੇ ਲੋਕ ਇਸ ਤਰ੍ਹਾਂ ਸੋਚਦੇ ਹਨ ਤਾਂ ਇਹ ਇੱਕ ਚੰਗੀ ਗੱਲ ਹੈ। ਇਸ ਤਰ੍ਹਾਂ ਦੀ ਸੋਚ 'ਤੇ ਮੈਨੂੰ ਬੇਹੱਦ ਖੁਸ਼ੀ ਹੈ ਅਤੇ ਮੈਂ ਉਮੀਦ ਕਰਦੀ ਹਾਂ ਕਿ ਮੇਰੇ ਬਾਰੇ ਇਸ ਤਰ੍ਹਾਂ ਦੀ ਸੋਚ ਮੈਨੂੰ ਨਿੱਤ ਨਵੇਂ ਮੌਕੇ ਦਿਵਾਉਂਦੀ ਰਹੇਗੀ।

**' ਇੰਡਸਟਰੀ ਦੀ ਹਰ ਦੂਸਰੀ ਅਭਿਨੇਤਰੀ ਮਿਊਜ਼ਿਕ ਵੀਡੀ? ਨਾਲ ਸ਼ੁਰੂਆਤ ਕਰਦੀ ਹੈ ਅਤੇ ਫਿਲਮਾਂ ਵਿੱਚ ਬਿਜ਼ੀ ਹੋ ਜਾਂਦੀ ਹੈ, ਪਰ ਤੁਸੀਂ ਫਿਲਮਾਂ ਵਿੱਚ ਨਾਂਅ ਕਮਾ ਲੈਣ ਦੇ ਬਾਅਦ ਮਿਊਜ਼ਿਕ ਵੀਡੀ? ਕਰ ਰਹੇ ਹੋ?**

- ਮਿਊਜ਼ਿਕ ਵੀਡੀ? ਮੇਰੀ ਪਹਿਲੀ ਪਸੰਦ ਹੈ। ਮੈਨੂੰ ਲੱਗਦਾ ਹੈ ਕਿ ਪੰਜ-ਸੱਤ ਮਿੰਟ ਦੇ ਮਿਊਜ਼ਿਕ ਵੀਡੀ? ਵਿੱਚ ਤੁਸੀਂ ਉਹ ਸਭ ਕੁਝ ਕਰ ਸਕਦੇ ਹੋ, ਜੋ ਦੋ ਘੰਟੇ ਦੀ ਪੂਰੀ ਫਿਲਮ ਵਿੱਚ ਨਹੀਂ ਕਰ ਸਕਦੇ। ਪਿਛਲੇ ਦਿਨੀਂ ਰਿਲੀਜ਼ ਮੇਰਾ ਇੱਕ ਮਿਊਜ਼ਿਕ ਵੀਡੀ? 'ਵੋ ਚਾਂਦ ਕਹਾਂ ਸੇ ਲਾ ?ਗੇ' ਲੋਕਾਂ ਨੂੰ ਖ਼ੂਬ ਪਸੰਦ ਆਇਆ। ਉਸ ਦੇ ਬਾਅਦ ਮੇਕਰ ਚਾਹੁੰਦੇ ਹਨ ਕਿ ਮੈਂ ਹੋਰ ਮਿਊਜ਼ਿਕ ਵੀਡੀ? ਕਰਾਂ।

**' ਤਾਂ ਇਸ ਸਮੇਂ ਤੁਸੀਂ ਹੋਰ ਕਿਹੜੇ-ਕਿਹੜੇ ਮਿਊਜ਼ਿਕ ਵੀਡੀ? ਕਰ ਰਹੇ ਹੋ?**

- 'ਚਲਤੀ ਕਾ ਨਾਮ ਗਾੜੀ ਵਿੱਚ ਮਧੂਬਾਲਾ ਜੀ 'ਤੇ ਫਿਲਮਾਇਆ ਗੀਤ 'ਇੱਕ ਲੜਕੀ ਭੀਗੀ ਭਾਗੀ ਸੀ ਦਾ ਰੀਕ੍ਰਿਏਟ ਵਰਜਨ ਕਰ ਰਹੀ ਹਾਂ। ਇਹ ਕਲਾਸਿਕ ਗੀਤ ਹੈ। ਇਸ ਵਿੱਚ ਮੈਂ ਮਧੂਬਾਲਾ ਜੀ ਦੇ ਅਪਡੇਟਿਡ ਅਵਤਾਰ ਨੂੰ ਜੀਉਂਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਇਸ ਵਿੱਚ ਕਿਸ਼ੋਰ ਕੁਮਾਰ ਦੀ ਮੂਲ ਆਵਾਜ਼ ਦੇ ਨਾਲ ਮੇਰੀ ਆਵਾਜ਼ ਹੋਵੇਗੀ।

**' ਰਿਲੀਜ਼ ਦੇ ਪਹਿਲੇ 'ਵਰਜਿਨ ਭਾਨੂਪ੍ਰੀਆ ਨੂੰ ਲੈ ਕੇ ਕਾਫੀ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਪਰ ਇਸ ਦੀ ? ਟੀ ਟੀ ਰਿਲੀਜ਼ 'ਤੇ ਦਰਸ਼ਕਾਂ ਦਾ ਕੋਈ ਖਾਸ ਰਿਸਪਾਂਸ ਨਹੀਂ ਰਿਹਾ?**

- ਇਹ ਵੱਡੇ ਪਰਦੇ ਦੇ ਲਈ ਬਣਾਈ ਫਿਲਮ ਸੀ ਜਿਸ ਨੂੰ ? ਟੀ ਟੀ 'ਤੇ ਆਨਸਟ੍ਰੀਮ ਕਰਨਾ ਪਿਆ। ਫਿਲਮ ਦੇ ਬਿਜਨਸ ਦੇ ਮਾਮਲੇ ਵਿੱਚ ਥੀਏਟਰ ਰਿਲੀਜ਼ ਅਤੇ ? ਟੀ ਟੀ ਵਿੱਚ ਬੇਸ਼ੱਕ ਜ਼ਿਆਦਾ ਫਰਕ ਨਾ ਹੋਵੇ, ਪਰ ਫਿਲਮ ਦੀ ਥੀਏਟਰ ਰਿਲੀਜ਼ ਦੀ ਗੱਲ ਕੁਝ ਹੋਰ ਹੁੰਦੀ ਹੈ। ਉਥੇ ਬੜੀ ਆਸਾਨੀ ਨਾਲ ਪਤਾ ਲੱਗ ਜਾਂਦਾ ਹੈ ਕਿ ਤੁਹਾਨੂੰ ਅਤੇ ਤੁਹਾਡੀ ਫਿਲਮ ਨੂੰ ਲੋਕਾਂ ਨੇ ਕਿੰਨਾ ਪਸੰਦ ਕੀਤਾ, ਪਰ ? ਟੀ ਟੀ 'ਤੇ ਇਸ ਗੱਲ ਦਾ ਪਤਾ ਲਾ ਸਕਣਾ ਬੇਹੱਦ ਮੁਸ਼ਕਲ ਹੈ।

**' ਤੁਸੀਂ ਇੱਕ ਸਲਿਮ-ਟ੍ਰਿਮ ਫਿਗਰ ਵਾਲੀ ਅਭਿਨੇਤਰੀ ਹੋ, ਪਰ 'ਵਰਜਿਨ ਭਾਨੂਪ੍ਰੀਆ ਦੇ ਲਈ ਤੁਹਾਨੂੰ ਲਗਭਗ ਸੱਤ ਕਿਲੋ ਵਜ਼ਨ ਵਧਾਉਣਾ ਪਿਆ। ਉਹ ਸਭ ਕੁਝ ਤੁਹਾਡੇ ਲਈ ਕਿੰਨਾ ਮੁਸ਼ਕਲ ਸੀ?**

- ਮੇਰੇ ਲਈ ਵਜਨ ਵਧਾਉਣਾ ਇੰਨਾ ਮੁਸ਼ਕਲ ਨਹੀਂ ਸੀ ਜਿੰਨਾ ਉਸ ਵਧੇ ਹੋਏ ਵਜਨ ਨੂੰ ਘੱਟ ਕਰਨ ਵਿੱਚ ਮੈਨੂੰ ਮੁਸ਼ਕਲਾਂ ਪੇਸ਼ ਆਈਆਂ, ਪਰ ਪ੍ਰਮਾਤਮਾ ਦਾ ਸ਼ੁਕਰ ਹੈ ਹੁਣ ਮੈਂ ਫਿਰ ਤੋਂ ਪੂਰੀ ਤਰ੍ਹਾਂ ਨਾਰਮਲ ਸ਼ੇਪ ਵਿੱਚ ਆ ਚੁੱਕੀ ਹਾਂ।

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**

**Best Price**

Sarbjit: 604.841.9849

SKY BLUE DRYWALL LTD.

Residential & Commercial



T-Bar

Steel Stud

Boarding

Taping

Ceiling Texture

Renovation

Quality Work

Free Estimates

Daljit Singh

778-549-3605

E: singh.mand@icloud.com




# ਆਦਮੀ ਦੇ ਮੁਕਾਬਲੇ ਔਰਤਾਂ ਨੂੰ ਜ਼ਿਆਦਾ ਪੌਸ਼ਟਿਕ ਭੋਜਨ ਦੀ ਲੋੜ



ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਸੰਤੁਲਿਤ ਭੋਜਨ ਜਾਂ ਪੌਸ਼ਟਿਕ ਭੋਜਨ ਬਾਰੇ ਗ਼ਲਤ-ਫਹਿਮੀ ਪਾਈ ਜਾਂਦੀ ਹੈ। ਆਓ, ਅਸੀਂ ਆਪਣੇ ਪਾਠਕਾਂ ਨੂੰ ਇਸ ਗ਼ਲਤ ਫ਼ਹਿਮੀ ਸਬੰਧੀ ਸਭ ਨੂੰ ਜਾਣਕਾਰੀ ਦਿੰਦੇ ਹਾਂ, ਜਿਸ ਨਾਲ ਸਮਾਜ ਵਿਚ ਪਾਈ ਜਾਂਦੀ ਇਹ ਗ਼ਲਤ ਫ਼ਹਿਮੀ ਬਾਰੇ ਤੁਹਾਡੀ ਅਤੇ ਸਾਡੀ ਗ਼ਲਤ ਫ਼ਹਿਮੀ ਦੂਰ ਹੋ ਜਾਵੇਗੀ। ਔਰਤ ਨੂੰ ਵੱਧ ਕੈਲਸ਼ੀਅਮ ਦੀ ਜ਼ਰੂਰਤ ਹੈ। ਇਹ ਬਹੁਤ ਜ਼ਿਆਦਾ ਮਾਤਰਾ ਵਿਚ ਨਸ਼ਟ ਹੋ ਜਾਂਦੀ ਹੈ ਅਤੇ ਆਸਿਟਜੋਪਰੋਸਿਸ ਤੋਂ ਬਚਣ ਲਈ ਕੈਲਸ਼ੀਅਮ ਉਚਿਤ ਮਾਤਰਾ ਵਿਚ ਲੈਣਾ ਜ਼ਰੂਰੀ ਹੈ। ਕੈਲਸ਼ੀਅਮ ਦੀ ਕਮੀ ਨੂੰ ਦੂਰ ਕਰਨ ਲਈ ਕੈਲਸ਼ੀਅਮ ਲੈਣਾ ਚਾਹੀਦਾ ਹੈ। ਵੈਸੇ ਕੈਲਸ਼ੀਅਮ ਸਾਡੇ ਭੋਜਨ ਵਿਚ ਵੀ ਮਿਲਦਾ ਹੈ, ਦੁੱਧ, ਫਲ, ਜੂਸ ਨਾਲ ਕੈਲਸ਼ੀਅਮ ਦੀ ਕਮੀ ਨੂੰ ਪੂਰਨ ਕੀਤਾ ਜਾ ਸਕਦਾ ਹੈ। ਸਾਡੀ ਕੋਸ਼ਿਸ਼ ਇਹੀ ਰਹਿਣੀ ਚਾਹੀਦੀ ਹੈ ਕਿ ਲੋੜੀਂਦੀ ਮਾਤਰਾ ਵਿਚ ਕੈਲਸ਼ੀਅਮ ਭੋਜਨ ਤੋਂ ਹੀ ਪ੍ਰਾਪਤ ਕਰੀਏ। ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਦਵਾਈ ਦੇ ਰੂਪ ਵਿਚ ਕੈਲਸ਼ੀਅਮ ਦੀ ਜ਼ਰੂਰਤ ਨਾ ਪਵੇ। ਇਕ ਮਰਦ ਦੀ ਬਜਾਏ ਔਰਤ ਨੂੰ ਜ਼ਿਆਦਾ ਮਾਤਰਾ ਵਿਚ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ। ਜੇਕਰ ਉਸ ਦਾ ਭਾਰ ਘੱਟ ਹੈ ਤਾਂ ਉਸ ਨੂੰ ਕਈ ਤਰ੍ਹਾਂ ਦੇ ਤੱਤ ਜ਼ਿਆਦਾ ਮਾਤਰਾ ਵਿਚ ਲੈਣ ਦੀ ਜ਼ਰੂਰਤ ਹੈ। ਮਾਸਿਕ ਧਰਮ ਦੇ ਕਾਰਨ ਔਰਤਾਂ ਦੇ ਸਰੀਰ ਵਿਚ ਬਹੁਤ ਸਾਰੇ ਤੱਤਾਂ ਦੀ ਘਾਟ ਹੋ ਜਾਂਦੀ ਹੈ। ਬੱਚੇ ਪੈਦਾ ਕਰਨ ਅਤੇ ਮਾਸਿਕ ਧਰਮ ਦੇ ਸਮੇਂ ਉਸ ਦੇ ਇਹ ਤੱਤ ਖ਼ਤਮ ਹੋ ਜਾਂਦੇ ਹਨ। ਇਸ ਲਈ ਔਰਤ ਨੂੰ ਮਰਦ ਦੇ ਮੁਕਾਬਲੇ ਜ਼ਿਆਦਾ ਖਾਧ-ਪਦਾਰਥਾਂ ਦੀ ਜ਼ਰੂਰਤ ਪੈਂਦੀ ਹੈ। ਉਨ੍ਹਾਂ ਨੂੰ ਲੋਹਾ ਤੱਤ ਅਤੇ ਕੈਲਸ਼ੀਅਮ ਭਰਪੂਰ ਮਾਤਰਾ ਵਿਚ ਜ਼ਿਆਦਾ ਲੈਣਾ ਚਾਹੀਦਾ ਹੈ ਅਤੇ ਨਾਲ ਹੀ ਪ੍ਰੋਟੀਨ ਵੀ ਉਚਿਤ ਮਾਤਰਾ ਵਿਚ ਲੈਣਾ ਜ਼ਰੂਰੀ ਹੈ। ਗਰਭ ਅਵਸਥਾ ਦੌਰਾਨ ਔਰਤਾਂ ਨੂੰ ਹਰੀਆਂ ਸਬਜ਼ੀਆਂ ਅਤੇ ਫਲਾਂ ਨੂੰ ਖ਼ੁਰਾਕ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਇਹ ਵੀ ਸੱਚ ਹੈ ਕਿ ਗਰਭ ਵਿਚ ਪਲ ਰਹੇ ਬੱਚੇ ਲਈ ਸੰਤੁਲਿਤ ਭੋਜਨ ਖਾਣਾ ਜ਼ਰੂਰੀ ਹੈ। ਇਸ ਅਵਸਥਾ ਵਿਚ ਔਰਤ ਨੂੰ ਵਿਟਾਮਿਨ ਅਤੇ ਖਣਿਜ ਦਿੱਤੇ ਜਾਂਦੇ ਹਨ, ਜੋ ਪੈਦਾ ਹੋਣ ਵਾਲੇ ਬੱਚੇ ਲਈ ਕੰਮ ਆਉਂਦੇ ਹਨ। ਆਪਣੀ ਸਿਹਤ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਔਰਤ ਨੂੰ ਉਚਿਤ ਮਾਤਰਾ ਵਿਚ ਪੌਸ਼ਟਿਕ ਭੋਜਨ ਦੀ ਜ਼ਰੂਰਤ ਉਸ ਦੇ ਸਰੀਰ ਵਿਚ ਆਈ ਕਮਜ਼ੋਰੀ ਨੂੰ ਦੂਰ ਕਰਨ ਲਈ ਸਹਾਈ ਸਿੱਧ ਹੁੰਦੀ ਹੈ। ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਆਇਰਨ ਦੀ ਉਚਿਤ ਮਾਤਰਾ ਵੀ ਜ਼ਰੂਰੀ ਹੈ, ਇਹ ਤੱਤ ਸਾਨੂੰ ਹਰੀਆਂ ਸਬਜ਼ੀਆਂ ਤੋਂ ਪ੍ਰਾਪਤ ਹੁੰਦਾ ਹੈ।

ਗਰਭ ਅਵਸਥਾ ਦੌਰਾਨ ਔਰਤਾਂ ਨੂੰ ਹਰੀਆਂ ਸਬਜ਼ੀਆਂ ਅਤੇ ਫਲਾਂ ਨੂੰ ਖ਼ੁਰਾਕ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਇਹ ਵੀ ਸੱਚ ਹੈ ਕਿ ਗਰਭ ਵਿਚ ਪਲ ਰਹੇ ਬੱਚੇ ਲਈ ਸੰਤੁਲਿਤ ਭੋਜਨ ਖਾਣਾ ਜ਼ਰੂਰੀ ਹੈ। ਇਸ ਅਵਸਥਾ ਵਿਚ ਔਰਤ ਨੂੰ ਵਿਟਾਮਿਨ ਅਤੇ ਖਣਿਜ ਦਿੱਤੇ ਜਾਂਦੇ ਹਨ, ਜੋ ਪੈਦਾ ਹੋਣ ਵਾਲੇ ਬੱਚੇ ਲਈ ਕੰਮ ਆਉਂਦੇ ਹਨ। ਆਪਣੀ ਸਿਹਤ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਔਰਤ ਨੂੰ ਉਚਿਤ ਮਾਤਰਾ ਵਿਚ ਪੌਸ਼ਟਿਕ ਭੋਜਨ ਦੀ ਜ਼ਰੂਰਤ ਉਸ ਦੇ ਸਰੀਰ ਵਿਚ ਆਈ ਕਮਜ਼ੋਰੀ ਨੂੰ ਦੂਰ ਕਰਨ ਲਈ ਸਹਾਈ ਸਿੱਧ ਹੁੰਦੀ ਹੈ। ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਆਇਰਨ ਦੀ ਉਚਿਤ ਮਾਤਰਾ ਵੀ ਜ਼ਰੂਰੀ ਹੈ, ਇਹ ਤੱਤ ਸਾਨੂੰ ਹਰੀਆਂ ਸਬਜ਼ੀਆਂ ਤੋਂ ਪ੍ਰਾਪਤ ਹੁੰਦਾ ਹੈ।

## ਬੁਢਾਪਾ ਆਉਣ ਤੋਂ ਰੋਕੇਗਾ ਸੇਬ



ਸੇਬ 'ਚ ਵਿਟਾਮਿਨ ਸੀ, ਬੀ-6, ਰਿਵੋਫਲੇਵਨ, ਪੋਟਾਸ਼ੀਅਮ, ਤਾਂਬਾ, ਮੈਗਨੀਸ਼ੀਅਮ, ਫਿਟੋਨਿਊ ਟੈਂਨਟਸ ਤੇ ਫਲੈਵੋਨੋਸਡਜ਼ ਜਿਹੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਇਸ 'ਚ ਪੈਕਟਿਨ ਹੁੰਦਾ ਹੈ, ਜੋ ਸੰਵੇਦਨਸ਼ੀਲ ਚਮੜੀ ਲਈ ਕਾਫ਼ੀ ਸਹਾਇਕ ਮੰਨਿਆ ਜਾਂਦਾ ਹੈ। ਸੇਬ ਨੂੰ 'ਸਕਿਨ ਟੋਨਰ' ਕਿਹਾ ਜਾਂਦਾ ਹੈ ਕਿਉਂਕਿ ਇਹ ਚਮੜੀ ਨੂੰ ਮਜ਼ਬੂਤ ਬਣਾਉਣ ਤੇ ਖ਼ੂਨ ਦੇ ਸੰਚਾਰ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਵਿਚਲੇ ਐਂਟੀ ਆਕਸੀਡੈਂਟ ਗੁਣ ਚਮੜੀ 'ਚ ਆਕਸੀਡੇਸ਼ਨ ਹਾਨੀ ਨੂੰ ਰੋਕਣ 'ਚ ਭੂਮਿਕਾ ਨਿਭਾਉਂਦੇ ਹਨ। ਇਸ ਨਾਲ ਝੁਰੜੀਆਂ ਨੂੰ ਰੋਕਣ 'ਚ ਮਦਦ ਮਿਲਦੀ ਹੈ ਤੇ ਬੁਢਾਪੇ ਨੂੰ ਰੋਕਿਆ ਜਾ ਸਕਦਾ ਹੈ। ਇਸ ਵਿਚਲੇ ਐਸਿਡ ਚਮੜੀ ਨੂੰ ਸਾਫ਼ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ ਤੇ ਮ੍ਰਿਤਕ ਸੈੱਲਾਂ ਨੂੰ ਹਟਾਉਣ 'ਚ ਮਦਦਗਾਰ ਸਾਬਤ ਹੁੰਦੇ ਹਨ, ਜਿਸ ਨਾਲ ਚਮੜੀ 'ਚ ਚਮਕ ਆਉਂਦੀ ਹੈ ਤੇ ਚਮੜੀ ਤੋਂ ਕਾਲੇ ਧੱਬੇ ਮਿਟਾਉਣ 'ਚ ਸਹਾਇਕ ਹੁੰਦਾ ਹੈ। ਸੇਬ ਦੀ ਲਗਾਤਾਰ ਵਰਤੋਂ ਨਾਲ ਸਰੀਰ 'ਚ ਖ਼ੂਨ ਦਾ ਸੰਚਾਰ ਸਹੀ ਰਹਿੰਦਾ ਹੈ, ਚਮੜੀ 'ਚ ਖਿਚਾਅ ਆਉਂਦਾ ਹੈ, ਸਮੇਂ ਤੋਂ ਪਹਿਲਾਂ ਬੁਢਾਪਾ ਆਉਣ ਤੋਂ ਰੋਕਦਾ ਹੈ ਤੇ ਚਿਹਰੇ 'ਤੇ ਕੁਦਰਤੀ ਚਮਕ ਲਿਆਉਂਦਾ ਹੈ। ਕੱਚੇ ਸੇਬ ਦੇ ਗੁੱਦੇ ਤੇ ਸੇਬ ਦੇ ਜੂਸ ਨੂੰ ਰੋਜ਼ਾਨਾ ਚਮੜੀ 'ਤੇ 20 ਮਿੰਟ ਤਕ ਲਾ ਕੇ ਇਸ ਨੂੰ ਤਾਜ਼ੇ ਪਾਣੀ ਨਾਲ ਧੋ ਲਓ। ਸੇਬ ਨੂੰ ਪੀਸ ਕੇ ਇਸ ਨੂੰ ਫੇਸ ਮਾਸਕ 'ਚ ਮਿਲਾਇਆ ਜਾ ਸਕਦਾ ਹੈ। ਸੇਬ ਦਾ ਸਿਰਕਾ ਵਾਲਾਂ ਦੀ ਸਿੱਕਰੀ ਦੇ ਇਲਾਜ 'ਚ ਕਾਫੀ ਮਦਦਗਾਰ ਹੁੰਦਾ ਹੈ ਤੇ ਵਾਲਾਂ 'ਚ ਚਮਕ ਲਿਆਉਂਦਾ ਹੈ। ਵਾਲਾਂ 'ਚ ਸ਼ੈਂਪੂ ਤੋਂ ਬਾਅਦ ਇਕ ਮੱਘ ਪਾਣੀ 'ਚ ਦੋ ਚਮਚ ਸੇਬ ਦਾ ਸਿਰਕਾ ਮਿਲਾ ਕੇ ਵਾਲਾਂ ਨੂੰ ਧੋ ਲਓ। ਰੋਜ਼ਾਨਾ ਇਕ ਸੇਬ ਖਾਣ ਨਾਲ ਸਰੀਰ ਤੇ ਚਮੜੀ ਦੀ ਸੁੰਦਰਤਾ ਬਰਕਰਾਰ ਰਹਿੰਦੀ ਹੈ।

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com






# ਕਿਸ ਤਰ੍ਹਾਂ ਮੇਕਅਪ ਕਰਨ ਔਰਤਾਂ

ਪਲਕਾਂ ਨੂੰ ਆਕਰਸ਼ਕ ਬਣਾਉਣ ਲਈ ਪਹਿਲਾਂ ਆਈਲੈਸ਼ ਕਰਲਰ ਨਾਲ ਕਰਲ ਕਰੋ। ਫਿਰ ਮਸਕਾਰਾ ਕਰਲਰ ਨਾਲ ਕਰਲ ਕਰਕੇ ਬਾਅਦ ਵਿਚ ਮਸਕਾਰਾ ਜੜ੍ਹ ਤੋਂ ਸ਼ੁਰੂ ਕਰਕੇ ਲਗਾਓ। ਮਸਕਾਰਾ ਬੁਰਸ਼ ਨੂੰ ਜੜ੍ਹਾਂ ਵਿਚ ਹਲਕਾ ਰਗੜ ਕੇ ਲਗਾਓ। ਮਸਕਾਰਾ ਦੋ ਕੋਟ ਤੋਂ ਜ਼ਿਆਦਾ ਨਾ ਲਗਾਓ।

ਜੇਕਰ ਸ਼ਾਮ ਨੂੰ ਮੇਕਅਪ ਕਰਨਾ ਹੋਵੇ ਤਾਂ ਭਰਵੱਟਿਆਂ ਦੇ ਬਿਲਕੁਲ ਨਾਲ ਗੁਲਾਬੀ ਜਾਂ ਸੁਨਹਿਰੀ ਆਭਾ ਲਈ ਹਲਕਾ ਪਾਊਡਰ ਲਗਾਓ। ਇਸ ਨਾਲ ਰਾਤ ਨੂੰ ਭਰਵੱਟੇ ਸੁੰਦਰ ਦਿਖਾਈ ਦੇਣਗੇ। ਪੁਰਾਣੇ ਮਸਕਾਰਾ ਬੁਰਸ਼ ਨਾਲ ਭਰਵੱਟਿਆਂ ਦੇ ਵਾਲਾਂ 'ਤੇ ਬੁਰਸ਼ ਕਰ ਲਵੋ।

## ਆਈ ਲਾਈਨਰ

ਆਈ ਲਾਈਨਰ ਅੱਖਾਂ ਦੀ ਸੁੰਦਰਤਾ ਨੂੰ ਵਧਾਉਂਦਾ ਹੈ। ਇਹ ਮੁੱਖ ਤੌਰ ਜਿਨ੍ਹਾਂ ਦੀਆਂ ਅੱਖਾਂ ਛੋਟੀਆਂ ਤੇ ਆਕਰਸ਼ਣਹੀਣ ਲਗਦੀਆਂ ਹਨ, ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣਾ ਚਾਹੀਦਾ। ਆਈ ਲਾਈਨਰ ਪੈਨਸਿਲ ਨਾਲ ਵੀ ਲਗਾਇਆ ਜਾ ਸਕਦਾ ਹੈ। ਜੇਕਰ ਤਰਲ ਲਾਈਨਰ ਦੀ ਵਰਤੋਂ ਕਰਨੀ ਹੋਵੇ ਤਾਂ ਪਹਿਲਾਂ ਵਿਚਾਲੇ ਵਿਚ ਕੋਨਾ, ਫਿਰ ਨੱਕ ਵਾਲੇ ਪਾਸੇ ਕੋਨਾ ਬਣਾਓ।

## ਮਸਕਾਰਾ

ਪਲਕਾਂ ਨੂੰ ਆਕਰਸ਼ਕ ਬਣਾਉਣ ਲਈ ਪਹਿਲਾਂ ਆਈਲੈਸ਼ ਕਰਲਰ ਨਾਲ ਕਰਲ ਕਰੋ। ਫਿਰ ਮਸਕਾਰਾ ਕਰਲਰ



ਨਾਲ ਕਰਲ ਕਰਕੇ ਬਾਅਦ ਵਿਚ ਮਸਕਾਰਾ ਜੜ੍ਹ ਤੋਂ ਸ਼ੁਰੂ ਕਰਕੇ ਲਗਾਓ। ਮਸਕਾਰਾ ਬੁਰਸ਼ ਨੂੰ ਜੜ੍ਹਾਂ ਵਿਚ ਹਲਕਾ ਰਗੜ ਕੇ ਲਗਾਓ। ਮਸਕਾਰਾ ਦੋ ਕੋਟ ਤੋਂ ਜ਼ਿਆਦਾ ਨਾ ਲਗਾਓ।

## ਲਿਪਸ

ਬੁੱਲ੍ਹਾਂ ਨੂੰ ਸੁੰਦਰ ਬਣਾਉਣ ਲਈ ਲਿਪਸਟਿਕ ਦਾ ਵਿਹਾਰ ਕੀਤਾ ਜਾਂਦਾ ਹੈ ਅਤੇ ਸਿਰਫ਼ ਲਿਪਸਟਿਕ ਦੇ ਵਿਹਾਰ ਨਾਲ ਹੀ ਬੁੱਲ੍ਹ ਕਾਫ਼ੀ ਆਕਰਸ਼ਕ ਬਣ ਜਾਂਦੇ ਹਨ। ਲਿਪਸਟਿਕ ਲਗਾਉਣ ਤੋਂ ਪਹਿਲਾਂ ਬੁੱਲ੍ਹਾਂ ਨੂੰ ਗਿੱਲਾ ਕਰ ਲੈਣਾ ਚਾਹੀਦਾ। ਜੇਕਰ ਤੁਹਾਡੇ ਬੁੱਲ੍ਹ ਖ਼ੁਸ਼ਕ ਹੋਣ ਤਾਂ ਲਿਪਸਟਿਕ ਲਗਾਉਣ ਤੋਂ ਪਹਿਲਾਂ ਬੁੱਲ੍ਹਾਂ 'ਤੇ ਬਾਮ ਜਾਂ ਵੈਸਲੀਨ ਲਗਾ ਕੇ 2-3 ਮਿੰਟ ਬਾਅਦ ਛੋਟੇ ਨਰਮ ਦੰਦਾਂ ਦੇ ਬੁਰਸ਼ ਨਾਲ ਰਗੜ ਕੇ ਬੁੱਲ੍ਹਾਂ ਦੀ ਮ੍ਰਿਤ ਚਮੜੀ ਨੂੰ ਹਟਾ ਦਿਓ। ਫਿਰ ਬੁਰਸ਼ ਨਾਲ ਲਿਪਸਿਟਕ ਲਗਾਓ।

## ਲਿਪ ਲਾਈਨਰ

ਲਿਪ ਲਾਈਨਰ ਨੂੰ ਹਮੇਸ਼ਾ ਬੁੱਲ੍ਹਾਂ ਦੇ ਵਿਚਾਲੇ ਤੋਂ ਲਗਾਉਣਾ ਸ਼ੁਰੂ ਕਰਨਾ ਚਾਹੀਦਾ। ਹਮੇਸ਼ਾ ਬੁੱਲ੍ਹਾਂ ਦੇ ਕੁਦਰਤੀ ਆਕਾਰ ਨੂੰ ਹੀ ਨਿਖਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ। ਲਿਪਸਿਟਕ ਨਾਲ ਮਿਲਦੇ-ਜੁਲਦੇ ਲਿਪ ਲਾਈਨਰ ਦੀ ਵਰਤੋਂ ਕਰਨੀ ਚਾਹੀਦੀ।

## ਲਿਪਸ ਬੁਰਸ਼

ਹਮੇਸ਼ਾ ਚੰਗੀ ਗੁਣਵਤਾ ਵਾਲਾ ਹੀ ਬੁਰਸ਼ ਖਰੀਦਣਾ ਚਾਹੀਦਾ। ਸਸਤੇ ਬੁਰਸ਼ ਟਿਕਾਊ ਨਹੀਂ ਹੁੰਦੇ ਅਤੇ ਜਲਦੀ ਖਰਾਬ ਹੋ ਜਾਂਦੇ ਹਨ। ਲਿਪਸਿਟਕ ਲਗਾਉਂਦੇ ਸਮੇਂ ਬੁਰਸ਼ 'ਤੇ ਚੰਗੀ ਤਰ੍ਹਾਂ ਲਿਪਸਟਿਕ ਲਗਾ ਕੇ ਅੰਦਰ ਤੋਂ ਬਾਹਰ ਵੱਲ ਲਗਾਉਣਾ ਚਾਹੀਦਾ। ਫਿਰ ਬੁਰਸ਼ ਨੂੰ ਸਾਫ਼ ਕਰਕੇ ਹਲਕੇ ਨਾਲ ਲਿਪਸਟਿਕ ਨੂੰ ਬਲੈਂਡ ਕਰੋ।


## ਆਈ ਸ਼ੈਡੋ

ਚਮੜੀ ਨੂੰ ਮਿਲਦੇ-ਜੁਲਦੇ ਰੰਗ ਦਾ ਬੇਸ ਲਗਾਓ। ਫਿਰ ਇਕ ਸ਼ੇਡ ਗਾੜ੍ਹਾ ਰੰਗ ਪਿੱਛੇ ਬਾਹਰ ਤੋਂ ਅੰਦਰ ਵੱਲ ਲਗਾਓ ਅਤੇ ਚੌੜੇ ਬਲੈਂਡ ਬੁਰਸ਼ ਨਾਲ ਬਲੈਂਡ ਕਰੋ। ਪਾਊਡਰ ਆਈਸ਼ੈਡੋ ਵਧੀਆ ਰਹਿੰਦਾ ਹੈ। ਸ਼ੈਡੋ ਲਗਾਉਣ ਤੋਂ ਪਹਿਲਾਂ ਬੁਰਸ਼ ਨੂੰ ਥੋੜ੍ਹਾ ਗਿੱਲਾ ਕਰ ਲਓ। ਇਸ ਨਾਲ ਪਾਊਡਰ ਵਾਲਾਂ 'ਤੇ ਨਹੀਂ ਡਿਗੇਗਾ। ਝੁਰੜੀਆਂ ਵਾਲੀਆਂ ਪਲਕਾਂ 'ਤੇ ਚਮਕਦਾਰ ਆਈ ਸ਼ੈਡੋ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਝੁਰੜੀਆਂ ਹੋਰ ਉੱਭਰਨਗੀਆਂ।

ਉਪਰੋਕਤ ਢੰਗ ਨਾਲ ਮੇਕਅੱਪ ਕਰਕੇ ਘਰ 'ਚ ਹੀ ਖ਼ੁਦ ਨੂੰ ਸੁੰਦਰ ਅਤੇ ਆਕਰਸ਼ਕ ਬਣਾ ਸਕਦੇ ਹੋ। ਤੁਹਾਡੀ ਸ਼ਖ਼ਸੀਅਤ ਵਿਚ ਨਿਖਾਰ ਆ ਜਾਵੇਗਾ।










# ਪੰਜਾਬੀ ਫਿਲਮਾਂ 'ਚੋਂ ਗ਼ੈਰਹਾਜ਼ਰ ਹਾਸ਼ੀਆਗਤ ਔਰਤ

ਦਵੀ ਦਵਿੰਦਰ ਕੌਰ

ਪੰਜਾਬੀ ਸਿਨਮਾ ਅਜੇ ਵੀ ਵਿੱਤੀ ਪੱਖੋਂ ਜੂਝ ਰਿਹਾ ਹੈ। ਇਸ ਨੂੰ ਪੈਰਾਂ ਸਿਰ ਹੋਣ ਲਈ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ। ਹਰ ਸਾਲ ਧੜਾਧੜ ਫਿਲਮਾਂ ਬਣਦੀਆਂ ਹਨ, ਪਰ ਸਫ਼ਲ ਬਹੁਤ ਥੋੜ੍ਹੀਆਂ ਹੁੰਦੀਆਂ ਹਨ। ਉਂਜ, ਬਾਹਰੀ ਤੌਰ 'ਤੇ ਇਹ ਸਭ ਬੜਾ ਚਮਕ-ਦਮਕ ਵਾਲਾ ਲੱਗਦਾ ਹੈ। ਦੇਸ਼ 'ਚ ਮਰਾਠੀ, ਮਲਿਆਲੀ, ਬੰਗਾਲੀ ਤੇ ਅਸਾਮੀ ਸਿਨਮਾ ਦੀ ਆਪਣੀ ਵਿਲੱਖਣ ਪਛਾਣ ਹੈ। ਇਨ੍ਹਾਂ ਸੂਬਿਆਂ ਦੀਆਂ ਭਾਸ਼ਾਈ ਫਿਲਮਾਂ ਵਿਸ਼ਾ ਵਸਤੂ ਪੱਖੋਂ ਵੀ ਬਿਹਤਰ ਹੁੰਦੀਆਂ ਹਨ। ਇਨ੍ਹਾਂ ਦੇ ਮੁਕਾਬਲੇ ਪੰਜਾਬੀ ਸਿਨਮਾ ਹਾਲੇ ਮੁੱਢਲੇ ਪੜਾਅ ਵਿਚ ਹੈ। ਇਹ ਤਕਨੀਕ, ਕਹਾਣੀ, ਵਿਸ਼ਾ ਵਸਤੂ ਪੱਖੋਂ ਵੀ ਹਾਲੇ ਕਾਫ਼ੀ ਪਿੱਛੇ ਹੈ। ਸ਼ਾਇਦ ਇਸ ਦਾ ਇਕ ਵੱਡਾ ਕਾਰਨ ਵੱਡੇ ਪੰਜਾਬੀ ਫਿਲਮਸਾਜ਼ਾਂ ਦਾ ਮੁੰਬਈ ਸਿਨੇ ਜਗਤ ਵਿਚ ਜਾ ਕੇ ਟਿਕ, ਸਥਾਪਤ ਹੋ ਜਾਣਾ ਵੀ ਹੈ। ਉੱਥੇ ਹਿੰਦੀ ਤੇ ਹਿੰਦੋਸਤਾਨੀ ਵਿਚ ਉਨ੍ਹਾਂ ਕੋਲ ਦ੍ਰਿਸ਼ ਬਹੁਤ ਵੱਡਾ ਹੈ। ਪੰਜਾਬ ਦਾ ਇਤਿਹਾਸ ਬੜਾ ਮਾਣਮੱਤਾ ਹੈ, ਪਰ ਇਸ ਦੇ ਬਾਸ਼ਿੰਦਿਆਂ ਦੇ ਸੰਘਰਸ਼ ਦੀ ਬਾਤ ਪੰਜਾਬੀ ਸਿਨਮਾ 'ਚ ਅਜੇ ਨਹੀਂ ਹੋਣ ਲੱਗੀ। ਹਾਲੀ ਤਾਂ ਇਸ ਕੋਲ ਜੱਟ, ਹਥਿਆਰ ਤੇ ਜ਼ਮੀਨ ਜਿਹੇ ਵਿਸ਼ੇ ਹੀ ਹਨ ਜਿਨ੍ਹਾਂ ਨੂੰ ਲੈ ਕੇ ਅਜੀਬੋ ਗ਼ਰੀਬ ਕਹਾਣੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਪੰਜਾਬੀ ਸਿਨਮੇ ਵਿਚ ਔਰਤਾਂ ਅਤੇ ਇਨ੍ਹਾਂ ਦੇ ਮਸਲਿਆਂ ਦੀ ਪੇਸ਼ਕਾਰੀ ਪਹਿਲਾਂ ਤਾਂ ਹੈ ਹੀ ਨਹੀਂ, ਜੇਕਰ ਹੈ ਤਾਂ ਉਹ ਰਵਾਇਤੀ ਅੰਦਾਜ਼ ਵਿਚ ਤੇ ਪਿੱਤਰਸੱਤਾ ਨੂੰ ਵਾਰਾ ਖਾਂਦੇ ਕਥਿਤ ਆਦਰਸ਼ ਦੇ ਰੂਪ 'ਚ ਹੈ। ਔਰਤਾਂ ਦੀ ਭੂਮਿਕਾ ਪੰਜਾਬੀ ਦੀਆਂ ਕੁਝ ਕੁ ਫਿਲਮਾਂ ਨੂੰ ਛੱਡ ਕੇ ਸਿਰਫ਼ 'ਸਜਾਵਟੀ' ਪੱਖ ਤੋਂ ਹੀ ਹੈ। ਔਰਤਾਂ ਦੇ ਮਸਲੇ, ਉਨ੍ਹਾਂ ਦੇ ਸੰਘਰਸ਼, ਹਾਲੇ ਪੰਜਾਬੀ ਸਿਨਮੇ 'ਚ ਨਹੀਂ ਛਿੜੇ। ਦਲਿਤ ਤੇ ਹਾਸ਼ੀਆਗਤ ਔਰਤ ਦੇ ਮਸਲੇ ਹਾਲੇ ਇਸ ਵਿਧਾ 'ਚ ਜ਼ਿਕਰਯੋਗ ਸਥਾਨ ਹਾਸਲ ਨਹੀਂ ਕਰ ਸਕੇ। ਕੁਝ ਕੁ ਫਿਲਮਾਂ ਦੇ ਹਵਾਲੇ ਨਾਲ ਪੰਜਾਬੀ ਸਿਨਮੇ 'ਚ ਹਾਸ਼ੀਆਗਤ ਔਰਤ ਦੀ ਪੇਸ਼ਕਾਰੀ ਦੀ ਚਰਚਾ ਕੀਤੀ ਜਾ ਸਕਦੀ ਹੈ। ਹਰਪਾਲ ਟਿਵਾਣਾ ਦੀ ਫਿਲਮ 'ਲੌਂਗ ਦਾ ਲਿਸ਼ਕਾਰਾ' 1986 ਵਿਚ ਆਈ ਜਿਸ ਵਿਚ ਹਾਸ਼ੀਆਗਤ ਵਰਗ ਨਾਲ ਸਬੰਧਤ ਪ੍ਰੀਤੋ ਨਾਇਕਾ ਹੈ, ਪਰ ਉਹ ਕਿਤੇ ਵੀ ਬਗ਼ਾਵਤ ਨਹੀਂ ਕਰਦੀ। ਉਸ ਦਾ ਸੁਭਾਅ ਭਾਣਾ ਮੰਨ ਲੈਣ ਵਾਲਾ ਹੈ। ਨਾਇਕ ਦੀ ਮੁਹੱਬਤ ਬਣ ਕੇ ਵੀ ਉਹ ਸਮਾਜ, ਆਲੇ-ਦੁਆਲੇ ਨਾਲ ਟੱਕਰ ਲੈਣ ਜੋਗੀ ਜੁਰੱਅਤ ਨਹੀਂ ਸਮੇਟ ਸਕਦੀ। ਫਿਲਮ ਦੀ ਕਹਾਣੀ ਮੁਤਾਬਿਕ ਸਥਿਤੀਆਂ ਹੀ ਉਸ ਨੂੰ ਉਸ ਦੀ ਮੰਜ਼ਿਲ ਤਕ ਪਹੁੰਚਾਉਂਦੀਆਂ ਹਨ, ਉਸ ਦਾ ਆਪਣਾ ਸੰਘਰਸ਼ ਜਾਂ ਇਸ ਸਬੰਧੀ ਚੇਤਨਾ ਨਦਾਰਦ ਹੈ। 1989 'ਚ ਸੁਰਿੰਦਰ ਸਿੰਘ ਨੇ 'ਮੜ੍ਹੀ ਦਾ ਦੀਵਾ' ਫਿਲਮ ਬਣਾਈ ਸੀ। ਇਹ ਫਿਲਮ ਇਸੇ ਸਿਰਲੇਖ ਵਾਲੇ ਗੁਰਦਿਆਲ ਸਿੰਘ ਦੇ ਨਾਵਲ 'ਤੇ ਆਧਾਰਿਤ ਸੀ। ਗੁਰਦਿਆਲ ਸਿੰਘ ਪੰਜਾਬੀ ਦੇ ਮਕਬੂਲ ਨਾਵਲਕਾਰ ਹਨ ਤੇ ਉਨ੍ਹਾਂ ਦੇ ਕਈ ਨਾਵਲਾਂ 'ਤੇ ਫਿਲਮਾਂ ਬਣ ਕੇ ਕਾਨਜ਼ ਮੇਲੇ ਤੱਕ ਪੁੱਜ ਚੁੱਕੀਆਂ ਹਨ। ਗੁਰਦਿਆਲ ਸਿੰਘ ਦੇ ਨਾਵਲ ਦੀ ਇਹ ਖ਼ਾਸੀਅਤ ਰਹੀ ਕਿ ਉਨ੍ਹਾਂ ਦੇ ਪਾਤਰ ਵੀ ਸਮਾਜ ਨਾਲ ਟੱਕਰ ਨਾ ਲੈ ਕੇ ਅੰਤ ਨੂੰ ਕਿਸਮਤ 'ਤੇ ਸਾਰਾ ਕੁਝ ਛੱਡ ਦਿੰਦੇ ਹਨ। 'ਮੜ੍ਹੀ ਦਾ ਦੀਵਾ' ਫਿਲਮ ਦੀ ਨਾਇਕਾ ਭਾਨੀ ਪਿੰਡ ਦੇ ਇਕ ਹਾਸ਼ੀਆਗਤ ਪਰਿਵਾਰ ਦੀ ਸਜਵਿਆਹੀ ਨੂੰਹ ਹੈ। ਉਸ ਦਾ ਇਹ ਵਿਆਹ ਕਜੋੜ ਹੈ, ਪਰ ਉਹ ਇਸੇ ਪਿੰਡ 'ਚ ਰਹਿੰਦੇ ਆਪਣੇ 'ਹਾਣੀ' (ਜਗਸੀਰ) ਨਾਲ ਤੁਰ ਪੈਣ ਲਈ ਨਾ ਕੋਈ ਸੰਘਰਸ਼ ਕਰਦੀ ਹੈ ਨਾ ਹੌਸਲਾ। ਦੋਵੇਂ ਨਾਇਕ ਨਾਇਕਾ ਹੀ ਨਹੀਂ ਸਗੋਂ ਫਿਲਮ ਵਿਚਲੇ ਬਹੁਤ ਸਾਰੇ ਕਿਰਦਾਰ ਹੋਣੀ ਦਾ ਦਿੱਤਾ ਭੋਗਦੇ ਦੁਖਾਂਤ ਵੱਸ ਪਏ ਹੋਏ ਹਨ। ਉਨ੍ਹਾਂ ਲਈ ਵੱਡੀ ਬਗ਼ਾਵਤ ਸਿਰਫ਼ ਰੱਬ ਨੂੰ ਗਾਲ੍ਹਾਂ ਕੱਢਣ ਤੱਕ ਸੀਮਤ ਹੈ। ਗੁਰਦਿਆਲ ਸਿੰਘ ਦੇ ਹੀ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਉੱਤੇ ਇਸੇ ਸਿਰਲੇਖ ਹੇਠ ਗੁਰਵਿੰਦਰ ਨੇ 2011 ਵਿਚ ਫਿਲਮ ਬਣਾਈ। ਇਸ ਫਿਲਮ ਵਿਚ ਵੀ ਸਮਾਜ ਦੇ ਹਾਸ਼ੀਆਗਤ ਲੋਕ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਔਰਤਾਂ ਹੋਣੀ ਭੋਗ ਰਹੇ ਹਨ। ਸੰਘਰਸ਼ ਕਰਨ ਜਾਂ ਵਕਤ ਬਦਲਣ ਲਈ ਉਹ ਬਹੁਤਾ ਹੀਲਾ ਕਰਦੇ ਨਹੀਂ ਜਾਪਦੇ ਸਗੋਂ ਜਗੀਰੂ ਸਮਾਜ ਦੀਆਂ ਪੈਦਾ ਕੀਤੀਆਂ ਜਕੜਨਾਂ 'ਚ ਹੀ ਸੰਤਾਪੇ ਹੋਏ ਬੀਤਦੇ ਹਨ। ਫਿਲਮ 'ਚ ਗੁੱਡੋ ਤੇ ਉਹਦੀ ਮਾਂ ਪ੍ਰਮੁੱਖ ਮਹਿਲਾ ਪਾਤਰ ਹਨ। ਮਾਂ, ਸਥਿਤੀਆਂ ਕਿਵੇਂ ਵੀ ਹਨ, ਉਨ੍ਹਾਂ ਨੂੰ ਆਪਣੀ ਤਕਦੀਰ ਮੰਨਦੀ ਹੈ। ਇੱਥੇ ਇੰਨੀ ਕੁ ਆਸ ਬੱਝਦੀ ਹੈ ਕਿ ਇਸ ਘੜੋਤ 'ਚ ਲਗਾਤਾਰ ਦਮ ਘੁੱਟਣ ਕਾਰਨ ਗੁੱਡੋ ਅੱਧੀ ਰਾਤ ਮਗਰੋਂ ਘਰੋਂ ਬਾਹਰ ਤੁਰ ਪੈਂਦੀ ਹੈ। ਉਹ ਸਾਹ ਲੈਣ ਜੋਗੀ ਸਪੇਸ ਚਾਹੁੰਦੀ ਹੈ। ਉਸ ਦਾ ਇਸ ਤਰ੍ਹਾਂ ਘਰੋਂ ਪੈਰ ਪੁੱਟਣਾ ਹੀ ਹਾਸ਼ੀਆਗਤ ਔਰਤ ਦੀ ਹੋਣੀ ਦਾ ਹਾਂਦਰੂ ਪੱਖ ਹੈ। ਫਿਰ ਲੰਮਾ ਸਮਾਂ ਖ਼ੁੜ੍ਹਾਂ ਮਾਰੇ, ਹਾਸ਼ੀਆਗਤ ਸਮਾਜ ਦੀਆਂ ਔਰਤਾਂ ਦੀ ਗੱਲ ਲੰਮਾ ਸਮਾਂ ਫਿਲਮਾਂ 'ਚ ਨਹੀਂ ਚੱਲੀ। 2017 'ਚ ਦੋ ਫਿਲਮਾਂ ਆਈਆਂ, ਇਕ 'ਮੰਜੇ ਬਿਸਤਰੇ' ਮਨੋਰੰਜਨ ਆਧਾਰਿਤ ਪੰਜਾਬੀ ਸਿਨਮੇ ਦੀ ਕਥਿਤ ਮੁੱਖ ਧਾਰਾ ਦੀ ਫਿਲਮ ਤੇ ਦੂਜੀ 'ਚੰਮ'। ਫਿਲਮ 'ਮੰਜੇ ਬਿਸਤਰੇ' ਦੇ ਵਿਸ਼ਾ ਵਸਤੂ ਤੇ ਨਿਭਾਅ ਦੀ ਗੱਲ ਨਾ ਕਰਕੇ ਸਿਰਫ਼ ਖ਼ੁੜ੍ਹਾਂ ਮਾਰੇ ਸਮਾਜ ਦੀ ਪ੍ਰਤੀਨਿਧਤਾ ਕਰਦੀ ਵਿਆਹ ਦੇ ਕੰਮ ਵਾਲੀ ਦੀ ਭੂਮਿਕਾ ਦੀ ਸੰਖੇਪ ਚਰਚਾ ਕੀਤੀ ਜਾ ਸਕਦੀ ਹੈ ਜਿਸ ਨੂੰ ਮਖੌਲ ਦੀ ਪਾਤਰ ਬਣਾ ਕੇ ਬੜੇ ਫੂਹੜ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। 'ਗ਼ਰੀਬ ਦੀ ਵਹੁਟੀ ਸਭ ਦੀ ਭਾਬੀ' ਵਾਂਗ ਉਸ ਨਾਲ ਹਰ ਕੋਈ 'ਹਰ ਤਰ੍ਹਾਂ' ਦੀ ਟਿੱਚਰ ਮਸ਼ਕਰੀ ਕਰਨੀ, ਉਸ ਨਾਲ ਸ਼ੋਹਦੇ ਢੰਗ ਨਾਲ ਵਿਹਾਰ ਕਰਨਾ ਆਪਣਾ ਅਧਿਕਾਰ ਸਮਝਦਾ ਹੈ। ਫਿਲਮ 'ਚ ਹਾਸੇ ਦੇ ਅੰਸ਼ ਪਾਉਣ ਲਈ ਕੁਝ ਹੋਰ ਉਸਾਰੂ ਕੀਤਾ ਜਾ ਸਕਦਾ ਸੀ। ਇਹ ਨਿੱਘਰੇ ਸਮਾਜਾਂ ਦੇ ਵਰਤਾਰੇ ਹਨ ਜਿੱਥੇ ਰੁਤਬੇ, ਪੈਸੇ ਤੇ ਜਾਇਦਾਦ ਦਾ ਹੀ ਸਤਿਕਾਰ ਹੁੰਦਾ ਹੈ, ਕਿਰਤ ਦਾ ਨਹੀਂ।

'ਚੰਮ' ਫਿਲਮ ਪਿੰਡ ਦੇ ਦਲਿਤ ਤੇ ਮਰੇ ਡੰਗਰ ਚੁੱਕਣ ਵਾਲੇ ਪਰਿਵਾਰ ਦੀ ਕਹਾਣੀ ਹੈ। ਇਸ ਕਹਾਣੀ ਦੇ ਬਹਾਨੇ ਪਿੰਡ ਦੀ ਜਗੀਰੂ ਬਣਤਰ ਤੇ ਸੱਤਾ 'ਤੇ ਕਾਬਜ਼ ਲੋਕਾਂ ਦੇ ਮਨਸ਼ਿਆਂ ਦੀ ਤੇ ਆਮ ਲੋਕਾਂ ਦੀ ਲੁੱਟ ਦੀ ਕਹਾਣੀ ਬਿਆਨ ਕੀਤੀ ਗਈ ਹੈ। ਫਿਲਮ ਦਾ ਨਿਰਦੇਸ਼ਕ ਸਿਨਮਾ ਨੂੰ ਸਮਾਜਿਕ ਜ਼ਿੰਮੇਵਾਰੀ ਭਰਪੂਰ ਕਰਾਰ ਦਿੰਦਿਆਂ ਲੋਕਪੱਖੀ ਸਿਨੇਮਾ ਦਾ ਹਾਮੀ ਹੈ, ਸੋ ਇਸ ਫਿਲਮ ਦੇ ਔਰਤ ਪਾਤਰ ਬੜੇ ਦਮਦਾਰ ਹਨ, ਭਾਵੇਂ ਉਹ ਗਰੀਬੜੀਆਂ ਔਰਤਾਂ ਹੋਣ ਤੇ ਭਾਵੇਂ ਪਿੰਡ ਦੀ ਪਸ਼ੂ ਡਿਸਪੈਂਸਰੀ 'ਚ ਨਵੀਂ ਆਈ ਮੁਟਿਆਰ



ਡਾਕਟਰ ਹੋਵੇ। ਅੱਜ ਦੇ ਦੌਰ ਵਿਚ ਜਦੋਂ ਮੁਲਕ ਭਰ ਵਿਚ ਆਪਣੀ ਹੋਂਦ ਤੇ ਆਪਣੇ ਪੈਰਾਂ ਹੇਠਲੀ ਧਰਤੀ ਨੂੰ ਬਚਾਉਣ ਲਈ ਔਰਤਾਂ ਹਰ ਸੜਕ ਤੇ ਹਰ ਮੈਦਾਨ 'ਚ ਮੋਹਰੀ ਹੋ ਕੇ ਨਿੱਤਰ ਰਹੀਆਂ ਹਨ ਤਾਂ ਸਿਨਮਾ ਵਿਚ ਵੀ ਔਰਤਾਂ ਦੇ ਸੰਘਰਸ਼ ਦਾ ਜ਼ਿਕਰ ਛਿੜਨਾ ਚਾਹੀਦਾ ਹੈ। ਪੰਜਾਬ 'ਚ ਵੀ ਕਿਸਾਨ, ਮਜ਼ਦੂਰ ਔਰਤਾਂ, ਪੜ੍ਹੀਆਂ ਲਿਖੀਆਂ ਬੇਰੁਜ਼ਗਾਰ ਅਧਿਆਪਕਾਵਾਂ ਲਗਾਤਾਰ ਸੜਕਾਂ 'ਤੇ ਸੰਘਰਸ਼ਸ਼ੀਲ ਹਨ, ਕੀ ਉਸ ਸਿਨਮੇ ਦੀਆਂ ਪਾਤਰ ਨਹੀਂ ਹੋ ਸਕਦੀਆਂ? ਆਉਂਦੇ ਸਮਿਆਂ ਵਿਚ ਜਦੋਂ ਸਿਨਮਾ ਦੇ ਇਤਿਹਾਸ 'ਚੋਂ ਕੋਈ ਖੋਜਾਰਥੀ ਪੰਜਾਬਣਾਂ ਦੇ ਸੰਘਰਸ਼ ਦੀ ਖੋਜ ਕਰਨੀ ਚਾਹੇਗਾ ਤਾਂ ਉਸ ਨੂੰ ਕੀ ਹਾਸਿਲ ਹੋਵੇਗਾ, ਇਹ ਸੋਚਣ ਵਿਚਾਰਨ ਵਾਲੀ ਗੱਲ ਹੈ।



# ਜਲਦ ਹੀ 'ਅਟੈਕ' ਕਰੇਗੀ ਜੈਕਲਿਨ ਫਰਨਾਂਡਿਜ਼




ਲਾਕਡਾਊਨ ਦੇ ਕਾਰਨ ਦਰਸ਼ਕ ਇਨ੍ਹੀਂ ਦਿਨੀਂ ਡਿਜੀਟਲ ਪਲੇਟਫਾਰਮ ਵੱਲ ਆਕਰਸ਼ਿਤ ਹੋਏ ਹਨ। ਛੋਟੇ ਤੋਂ ਲੈ ਕੇ ਵੱਡੇ ਪਰਦੇ ਦੇ ਕਲਾਕਾਰ ਵੀ ਇਸ ਪਲੇਟਫਾਰਮ 'ਤੇ ਕੰਮ ਕਰਨ ਵਿੱਚ ਦਿਲਚਸਪੀ ਲੈ ਰਹੇ ਹਨ। ਪਿਛਲੇ ਸਾਲ ਜੈਕਲਿਨ ਫਰਨਾਂਡਿਜ਼ ਦੀ ਫਿਲਮ 'ਡਰਾਈਵ' ਨੈਟਫਲਿਕਸ 'ਤੇ ਰਿਲੀਜ਼ ਹੋਈ ਸੀ। ਉਹ ਪਹਿਲਾਂ ਸਿਨੇਮਾਘਰਾਂ ਨੇ ਰਿਲੀਜ਼ ਕਰਨੀ ਸੀ, ਪਰ ਨਿਰਮਾਤਾਵਾਂ ਨੇ ਡਿਜੀਟਲ 'ਤੇ ਰਿਲੀਜ਼ ਕਰਨ ਦਾ ਫੈਸਲਾ ਲਿਆ। ਉਸ ਕਾਰਨ ਜੈਕਲਿਨ ਵੱਡੇ ਪਰਦੇ 'ਤੇ ਕੁਝ ਸਮੇਂ ਤੋਂ ਨਜ਼ਰ ਨਹੀਂ ਆਈ। ਮਿਊਜ਼ਿਕ ਵੀਡੀਓ ਜਾਂ ਫਿਲਮ ਦੇ ਪ੍ਰੋਮੋਸ਼ਨਲ ਗੀਤਾਂ ਵਿੱਚ ਉਸ ਦੀ ਮੌਜੂਦਗੀ ਹੈ। ਹਾਲ ਹੀ ਵਿੱਚ ਉਸ ਦੇ ਦੋ ਮਿਊਜ਼ਿਕ ਵੀਡੀਓ 'ਮੇਰੇ ਅੰਗਨੇ ਮੇਂ' ਅਤੇ 'ਗੇਂਦਾ ਫੂਲ' ਰਿਲੀਜ਼ ਹੋਏ। ਪੇਸ਼ ਹਨ ਜੈਕਲਿਨ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :



**• ਆਪਣਾ ਮਨਪਸੰਦ ਦੇਣਾ ਹੁੰਦਾ ਹੈ...**

– ਜੈਕਲਿਨ ਦੀਆਂ ਆਉਣ ਵਾਲੀਆਂ ਫਿਲਮਾਂ ਦੀ ਗੱਲ ਕਰੀਏ ਤਾਂ ਉਹ ਨੈਟਫਲਿਕਸ ਦੀ ਫਿਲਮ 'ਮਿਸਿਜ਼ ਸੀਰੀਅਲ ਕਿਲਰ' ਅਤੇ ਜਾਨ ਅਬਰਾਹਮ ਦੇ ਨਾਲ 'ਅਟੈਕ' ਫਿਲਮ ਵਿੱਚ ਨਜ਼ਰ ਆਏਗੀ। ਸਲਮਾਨ ਖਾਨ ਦੀ 'ਰਾਧੇ-ਯੋਰ ਮੋਸਟ ਵਾਂਟਿਡ ਭਾਈ' ਵਿੱਚ ਵੀ ਜੈਕਲਿਨ ਦਾ ਖਾਸ ਗਾਣਾ ਹੋਵੇਗਾ। ਇਸ ਬਾਰੇ ਉਸ ਦਾ ਕਹਿਣਾ ਹੈ ਕਿ ਜਦ ਗੱਲ ਸਲਮਾਨ ਖਾਨ ਦੀ ਹੁੰਦੀ ਹੈ ਤਾਂ ਤੁਹਾਨੂੰ ਆਪਣਾ ਬੈਸਟ ਦੇਣਾ ਹੁੰਦਾ ਹੈ। ਫਿਲਮ ਨਿਰਦੇਸ਼ਨ ਪ੍ਰਭੂਦੇਵਾ ਨੇ ਕੀਤਾ ਹੈ। ਇਸ ਬਾਰੇ ਜੈਕਲਿਨ ਕਹਿੰਦੀ ਹੈ, "ਇਹ ਦੂਸਰੀ ਵਾਰ ਹੈ, ਜਦ ਪ੍ਰਭੂਦੇਵਾ ਦੀ ਕੋਰੀਓਗਰਾਫੀ ਵਿੱਚ ਕੰਮ ਕਰ ਰਹੀ ਹਾਂ। ਇਸ ਤੋਂ ਪਹਿਲਾਂ ਅਸੀਂ 'ਜਾਦੂ ਕੀ ਝੱਪੀ' ਗਾਣਾ ਇਕੱਠੇ ਕੀਤਾ ਸੀ। ਇਸ ਵਾਰ ਪ੍ਰਭੂਦੇਵਾ ਸਰ ਨੇ ਜੋ ਕੋਰੀਓਗਰਾਫੀ ਕੀਤੀ ਹੈ ਉਸ 'ਤੇ ਬਹੁਤ ਮਿਹਨਤ ਲੱਗੀ ਹੈ।

**• ਮੇਰੇ ਲਈ ਇਹ ਮੌਕਾ ਕੁਝ ਅਲੱਗ ਕਰਨ ਦਾ ਹੁੰਦਾ ਹੈ...**

–ਲਗਾਤਾਰ ਮਿਊਜ਼ਿਕ ਵੀਡੀਓ ਕਰਨ ਬਾਰੇ ਜੈਕਲਿਨ ਕਹਿੰਦੀ ਹੈ, ਮੇਰੇ ਲਈ ਇਹ ਮੌਕਾ ਕੁਝ ਅਲੱਗ ਕਰਨ ਦਾ ਹੁੰਦਾ ਹੈ। ਜਦ ਅਸੀਂ ਕਿਸੇ ਫਿਲਮ ਦੇ ਲਈ ਗਾਣਾ ਕਰਦੇ ਹਾਂ, ਤਾਂ ਸਾਨੂੰ ਕਿਰਦਾਰ ਦੇ ਨਾਲ ਜੁੜੇ ਰਹਿਣਾ ਪੈਂਦਾ ਹੈ। ਕੁਝ ਚੀਜ਼ਾਂ ਧਿਆਨ ਵਿੱਚ ਰੱਖਣੀਆਂ ਪੈਂਦੀਆਂ ਹਨ, ਪਰ ਸਿੰਗਲਜ਼ ਜਾਂ ਮਿਊਜ਼ਕ ਵਿੱਚ ਪ੍ਰਯੋਗ ਕਰਨ ਦਾ ਮੌਕਾ ਮਿਲਦਾ ਹੈ ਨਵੇਂ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ।

**• ਮਿਲ ਰਹੀ ਹੈ ਆਜ਼ਾਦੀ...**

–ਵੱਡੇ ਪਰਦੇ ਤੋਂ ਦੂਰ ਰਹਿਣ ਬਾਰੇ ਜੈਕਲਿਨ ਕਹਿੰਦੀ ਹੈ ਕਿ ਪਿਛਲੇ ਸਾਲ ਨੈਟਫਲਿਕਸ 'ਤੇ ਆਉਣ ਵਾਲੀ ਆਪਣੀ ਅਗਲੀ ਫਿਲਮ 'ਮਿਸਿਜ਼ ਸੀਰੀਅਲ ਕਿਲਰ' ਦੀ ਸ਼ੂਟਿੰਗ ਕਰ ਰਹੀ ਸੀ। ਇਹ ਫਿਲਮ ਅਪ੍ਰੈਲ ਵਿੱਚ ਓ ਟੀ ਟੀ ਉੱਤੇ ਰਿਲੀਜ਼ ਹੋਵੇਗੀ। ਵੈੱਬ ਰਿਲੀਜ਼ ਬਾਰੇ ਜੈਕਲਿਨ ਆਪਣੀ ਰਾਏ ਰੱਖਦੀ ਹੈ, "ਇਹ ਵੱਡਾ ਪਲੇਟਫਾਰਮ ਹੈ। ਇਹ ਸਿੰਗਲ ਸਕਰੀਨ ਅਤੇ ਮਲਟੀਪਲੈਕਸ ਵਾਂਗ ਹੈ। ਲੋਕ ਇੰਟਰਨੈਟ 'ਤੇ ਫਿਲਮਾਂ ਦੇਖਣਾ ਪਸੰਦ ਕਰਦੇ ਹਨ। ਅਜਿਹੇ ਵਿੱਚ ਕਲਾਕਾਰ ਹੋਣ ਦੇ ਨਾਤੇ ਇਸ ਪਲੇਟਫਾਰਮ 'ਤੇ ਕੰਮ ਰਕਨਾ ਫਾਇਦੇਮੰਦ ਹੈ। ਮੈਨੂੰ ਅਲੱਗ-ਅਲੱਗ ਪਲੇਟਫਾਰਮ 'ਤੇ ਕੰਮ ਕਰਨ ਦੀ ਆਜ਼ਾਦੀ ਮਿਲ ਰਹੀ ਹੈ।

**• ਜਲਦ ਕਰੇਗੀ ਅਟੈਕ...**

—ਓ.ਟੀ.ਟੀ. ਪਲੇਟਫਾਰਮ ਨੇ ਵੱਖ ਤਰ੍ਹਾਂ ਦੀ ਸਕ੍ਰਿਪਟ ਤੇ ਕਲਾਕਾਰ, ਡਾਇਰੈਕਟਰ, ਲੇਖਕਾਂ ਵਰਗੇ ਕਈ ਨਵੇਂ ਪ੍ਰਤਿਭਾਵਾਂ ਦੇ ਲਈ ਦਰਵਾਜ਼ੇ ਖੋਲ੍ਹੇ ਹਨ। ਜੈਕਲਿਨ ਦੀ ਅਗਲੀ ਫਿਲਮ ਜੋ ਥੀਏਟਰ ਵਿੱਚ ਰਿਲੀਜ਼ ਹੋਵੇਗੀ, ਉਹ ਜਾਨ ਅਬਰਾਹਮ ਦੇ ਨਾਲ 'ਅਟੈਕ' ਹੋਵੇਗੀ। ਇਸ ਵਿੱਚ ਉਹ ਐਕਸ਼ਨ ਕਰਦੀ ਹੋਵੇਗੀ। ਇਨ੍ਹਾਂ ਦੋਵਾਂ ਫਿਲਮਾਂ ਦੀ ਸ਼ੂਟਿੰਗ ਕਾਰਨ ਪਿਛਲੇ ਸਾਲ ਜੈਕਲਿਨ ਪਰਦੇ ਤੋਂ ਦੂਰ ਹੀ ਰਹੀ, ਅੱਗੋਂ ਉਸ ਨੂੰ ਪਰਦੇ 'ਤੇ ਐਕਸ਼ਨ ਕਰਦੇ ਹੋਏ ਦੇਖਣ ਦੀ ਬੇਕਰਾਰੀ ਰਹੇਗੀ।



# Gold key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY**<br>**(604) 502 - 0441**<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER**<br>**(604) 325 - 1241**<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

**OPEN 7 DAYS**

ICBC **autoplan** www.goldkeyinsurance.ca


HAPPY VALENTINE'S DAY & FAMILY DAY
fruiticana hee jaana!
LOWEST PRICES IN TOWN
Broccoli Crown
ਬਰੌਕਲੀ ਕਰਾਊਨ
98¢ lb
Opo Squash
ਓਪੋ ਕੱਦੂ
79¢ lb
Red Delicious Apples US #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Sher Besan (Chana Flour) 4 lbs
ਸ਼ੇਰ ਵੇਸਣ
$3.98 ea.
KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.
Indican Punjabi Cookies 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Britannia Punjabi Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.99 pkg.
Extra Extra Super Special
Jumbo Cauliflower Size 9
ਵੱਡਾ ਗੋਭੀ ਦਾ ਫੁੱਲ ਸਾਈਜ਼ ੯
$2.49 ea.
Extra Super Super Special
Roma Tomatoes
ਟਮਾਟਰ ਰੋਮਾ
59¢ lb
Extra Super Super Special
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag
Super Special
Spinach
ਪਾਲਕ
2 bunches for $1.59
Super Special
Yellow Onions 50 lbs
ਪੀਲੇ ਗੰਢੇ
Lowest Price In Canada
$7.99 bag
Super Special
Red Onions 25 lbs
ਲਾਲ ਗੰਢੇ
$7.99 bag
Super Special
Fresh Garlic
ਤਾਜ਼ਾ ਲਸਣ
99¢ lb
Super Special
Britannia Wheat Rusk 305 g
ਬ੍ਰਿਟੈਨੀਆ ਕਣਕ ਦੇ ਰੱਸ
99¢ pkg.
Super Special
Long English Cucumbers
ਲੰਬੇ ਇੰਗਲਿਸ਼ ਖੀਰੇ
2 for 99¢
Zucchini Squash
ਜ਼ੁਕੀਨੀ ਸਕੁਐਸ਼
79¢ lb
Green Bell Peppers
ਹਰੀ ਸ਼ਿਮਲਾ ਮਿਰਚਾਂ
88¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Fresh Methi
ਤਾਜ਼ਾ ਮੇਥੀ
$1.49 bunch
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Cilantro
ਧਨੀਆ
3 bunches for 99¢
Rapini (Sarson da Saag)
ਸਰਸੋਂ ਦਾ ਸਾਗ
$2.49 bunch
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Ahmed Mango Pickle (Achar) 1kg
ਅਹਿਮਦ ਅੰਬ ਅਚਾਰ
$2.99 ea.
Green Cardamom (Elaichi) IBG
ਹਰੀ ਇਲਾਇਚੀ (ਆਈ.ਬੀ.ਜੀ)
$26.99 lb
Bhogpur Moti Cane Sugar 100% Vegetarian15 lbs
ਭੋਗਪੁਰ ਮੋਟੀ ੧੦੦% ਵੇਜੀਟੇਰੀਅਨ ਗੰਨੇ ਦੀ ਖੰਡ
$8.98 bag
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.49 bag
Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag
Product images may differ from the actual product.
Thur Feb 11, 2021 - Thur Feb 18, 2021
We reserve the right to limit the quantities while they last
fruiticana SINCE 1994
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 8 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd.----------------- 604-244-9520